ਖਾਲਸਈ ਸ਼ਾਨ

ਰਘਬੀਰ ਸਿੰਘ 'ਬੀਰ'

ਪਹਿਲੀ ਵਾਰ	—	1943
ਦੂਜੀ ਵਾਰ	—	1944
ਤੀਜੀ ਵਾਰ	—	1956
ਚੌਥੀ ਵਾਰ	—	1966
ਪੰਜਵੀਂ ਵਾਰ	—	1980
ਛੇਵੀਂ ਵਾਰ	—	1996

50/-

ਮੁੱਲ : 30/-

ਪ੍ਰਕਾਸ਼ਕ :
ਆਤਮ ਸਾਇੰਸ ਟਰੱਸਟ
ਏ/ 1, ਕਾਲਿੰਦੀ ਕਾਲੋਨੀ,
ਨਵੀਂ ਦਿੱਲੀ - 110 065

ਕੰਪਿਊਟਰ ਟਾਈਪ ਸੈਟਰ ਤੇ ਛਾਪਕ :
ਨੈਸ਼ਨਲ ਬੁਕ ਸ਼ਾਪ
ਚਾਂਦਨੀ ਚੌਕ, ਦਿੱਲੀ - 110 006

ਸਿੱਖ ਨੌਜਵਾਨਾਂ

ਦੀ

ਭੇਟਾ

ਸੂਰਾ ਸੋ ਪਹਿਚਾਨੀਐ
ਜੋ ਲਰੈ ਦੀਨ ਕੇ ਹੇਤੁ ।
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤ ।

-ਕਬੀਰ

ਤਤਕਰਾ

ਕਵਿਤਾ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਭੂਮਿਕਾ

ਗੁਰੂ ਨਾਨਕ ਸਾਹਿਬ ਦੇ ਘਰ ਵਿਚ ਦਾਤਾਂ ਤਾਂ ਅਨੇਕਾਂ ਹਨ ਜੋ ਗੁਰਸਿਖ ਨੂੰ ਮਾਲਾ ਮਾਲ ਕਰਦੀਆਂ ਹਨ, ਪਰ ਉਹ ਦਾਤ ਜੋ ਬਾਕੀ ਸਾਰੀਆਂ ਦਾਤਾਂ ਦੀ ਸਿਰਤਾਜ ਕਹੀ ਜਾ ਸਕਦੀ ਹੈ, ਜਿਸਨੂੰ ਹਾਸਲ ਕਰਕੇ ਗੁਰਸਿਖ ਇਕ ਪਾਸੇ ਸ਼ਾਂਤੀ, ਅਨੰਦ ਤੇ ਇਕਾਗਰਤਾ ਦਾ ਪੁੰਜ, ਅਤੇ ਦੂਸਰੇ ਪਾਸੇ ਨਿਰਭੈਤਾ, ਸੂਰਮਗਤੀ ਅਤੇ ਕੁਰਬਾਨੀ ਦਾ ਸੋਮਾ ਬਣ ਜਾਂਦਾ ਹੈ, ਉਹ ਹੈ "ਨਾਮ-ਸਿਮਰਨ" ਦੀ ਦਾਤ।

'ਸਿਮਰਨ' ਗੁਰਸਿਖ ਨੂੰ ਆਪਣੇ ਅੰਦਰ ਬਿਰਾਜ ਰਹੀ ਸਰਬ-ਸ਼ਕਤੀਮਾਨ ਤੇ ਚੇਤਨ ਕਲਾ, ਵਾਹਿਗੁਰੂ, ਅਕਾਲ ਪੁਰਖ ਨਾਲ ਜੋੜ ਦਿੰਦਾ ਹੈ। ਜਿਵੇਂ ਸਮੁੰਦਰ ਲਾਗੇ ਦਾ ਛੱਪੜ, ਜਿਸ ਨਾਲ ਸਮੁੰਦਰ ਦਾ ਸਬੰਧ ਹੋਵੇ, ਜਿਸ ਵਿਚ ਸਮੁੰਦਰ ਤੋਂ ਨਿਕਲ ਨਿਕਲ ਕੇ ਪਾਣੀ ਪੈਣਾ ਸ਼ੁਰੂ ਹੋ ਜਾਵੇ, ਕਦੀ ਨਹੀਂ ਸੁਕਦਾ ਅਤੇ ਸਦਾ ਨਕਾਨਕ ਭਰਿਆ ਭਰਿਆ ਰਹਿੰਦਾ ਹੈ, ਉਸੇ ਤਰ੍ਹਾਂ ਅਕਾਲ ਪੁਰਖ ਨਾਲ ਸਿਮਰਨ ਕਮਾਈ ਰਾਹੀਂ ਅੰਦਰੋਂ ਜੁੜੇ ਗੁਰਸਿਖ ਅੰਦਰ ਅਕਾਲ ਪੁਰਖ ਦੀਆਂ ਸ਼ਕਤੀਆਂ ਠਾਠਾਂ ਮਾਰਨ ਲਗ ਜਾਂਦੀਆਂ ਹਨ ਉਹ ਸਰਬ-ਸ਼ਕਤੀਮਾਨ ਨਾਲ ਜੁੜ ਕੇ ਖੁਦ ਸ਼ਕਤੀ ਦਾ ਰੂਪ ਹੋ ਜਾਂਦਾ ਹੈ, ਉਸਦਾ ਜੀਵਨ ਸ਼ਕਤੀ ਦੀ ਇਕ ਰੌ ਬਣ ਜਾਂਦਾ ਹੈ, ਉਸ ਦੇ ਹਰ ਕੰਮ ਵਿਚੋਂ ਅਕਾਲ ਪੁਰਖ ਦੀ ਸ਼ਕਤੀ ਉਸੇ ਤਰ੍ਹਾਂ ਲਿਸ਼ਕਾਰੇ ਮਾਰਦੀ ਹੈ, ਜਿਵੇਂ ਸ਼ੀਸ਼ੇ ਦੇ ਬੱਲਬ ਵਿਚੋਂ ਬਿਜਲੀ ਦੀ ਰੌਸ਼ਨੀ।

ਅਕਾਲ ਪੁਰਖ ਦੀ ਸ਼ਕਤੀ, ਗੁਰਸਿਖਾਂ ਵਿਚ ਆ ਕੇ, ਉਂਜ ਤਾਂ ਹਰ ਰੰਗ ਵਿਚ ਚਮਕਦੀ ਹੈ ਪਰ ਇਸ ਦੇ ਪ੍ਰਗਟ ਹੋਣ ਦੀਆਂ ਡਾਹਢੀਆਂ ਪ੍ਰਸਿੱਧ ਸ਼ਰਤਾਂ ਦੋ ਹਨ 'ਸ਼ਹੀਦੀ' ਅਤੇ 'ਸੂਰਮਗਤੀ'। ਇਹਨਾਂ ਦੋਹਾਂ ਸ਼ਕਲਾਂ ਅੰਦਰ ਅਕਾਲ ਪੁਰਖ ਦੀ ਸ਼ਕਤੀ ਹਮੇਸ਼ਾਂ ਠਾਠਾਂ ਮਾਰ ਮਾਰ ਕੇ ਪ੍ਰਗਟ ਹੁੰਦੀ ਰਹੀ ਹੈ। ਗੁਰਸਿਖਾਂ ਦਾ ਸਾਰਾ ਇਤਿਹਾਸ ਹੀ ਸ਼ਹੀਦੀ ਅਤੇ ਸੂਰਮਗਤੀ ਦੇ ਕਾਰਨਾਮਿਆਂ ਦੀ ਇਕ ਸਿਲਸਿਲੇਵਾਰ ਲੜੀ ਹੈ।

ਇਹ ਗਲ ਸਦਾ ਯਾਦ ਰਖਣ ਵਾਲੀ ਹੈ ਕਿ ਸ਼ਹੀਦ ਅਤੇ ਸੂਰਮੇ ਅੰਦਰ ਖੇਡਣ ਵਾਲੀ ਸ਼ਕਤੀ ਸਦਾ ਇਕੋ ਹੀ ਹੁੰਦੀ ਹੈ, ਜਿਵੇਂ ਇਕੋ ਪਾਣੀ ਦੀਆਂ

ਦੋ ਹਾਲਤਾਂ 'ਭਾਫ' ਤੇ 'ਬਰਫ' ਅਖਵਾਂਦੀਆਂ ਹਨ, ਉਸੇ ਤਰ੍ਹਾਂ ਇਕੋ ਅਕਾਲ ਸ਼ਕਤੀ ਗੁਰਸਿਖਾਂ ਵਿਚ ਦੋ ਸੂਰਤਾਂ 'ਸ਼ਹੀਦੀ' ਅਤੇ 'ਸੂਰਮਗਤੀ' ਵਿਚ ਜ਼ਾਹਿਰ ਹੁੰਦੀ ਹੈ। ਜਿਵੇਂ 'ਬਰਫ' ਤੇ 'ਭਾਫ' ਦੋ ਵਖੋ ਵਖਰੀਆਂ ਅਤੇ ਇਕ ਦੂਸਰੇ ਤੋਂ ਉਲਟ ਸ਼ਕਲਾਂ ਰਖਦਿਆਂ ਵੀ ਹੁੰਦੀਆਂ ਅਸਲ ਪਾਣੀ ਹੀ ਹਨ, ਉਸੇ ਤਰ੍ਹਾਂ 'ਸੂਰਮਗਤੀ' ਅਤੇ 'ਸ਼ਹੀਦੀ' ਉਤੋਂ ਵਖੋ ਵਖਰੀਆਂ ਤੇ ਉਲਟ ਜਾਪਦੀਆਂ ਵੀ ਹੁੰਦੀਆਂ ਆਤਮਾ ਦੀ ਇਕੋ ਸ਼ਕਤੀ ਦੇ ਦੋ ਜੌਹਰ ਜਾਂ ਦੋ ਪਾਸੇ ਹਨ।

ਮੇਰਾ ਵਿਸ਼ਵਾਸ ਹੈ ਕਿ ਗੁਰੂ ਘਰ ਦੇ ਅਸੂਲਾਂ ਅਨੁਸਾਰ ਕੀਤੀ ਹੋਈ ਪ੍ਰਭੂ ਭਗਤੀ ਗੁਰਸਿਖਾਂ ਨੂੰ ਨਾਜ਼ਕ, ਆਰਾਮ-ਤਲਬ ਅਤੇ ਕਾਇਰ ਨਹੀਂ ਬਣਾਂਦੀ, ਸਗੋਂ ਇਹਨਾਂ ਨੂੰ ਜਗਤ-ਜੀਵਨ ਰੌ ਨਾਲ ਇਕ ਸੁਰ ਕਰ ਕੇ, ਜੀਵਨ ਰੂਪ ਬਣਾ ਦੇਂਦੀ ਹੈ, ਮੇਰਾ ਵਿਸ਼ਵਾਸ ਹੈ ਕਿ ਸਿਖ ਧਰਮ ਵਿਚ ਸ਼ਹੀਦੀਆਂ ਤੇ ਸੂਰਮਗਤੀਆਂ ਦੇ ਅੱਟਲ ਕਾਰਨਾਮਿਆਂ ਦੀ ਤਹਿ ਵਿਚ ਨਿਰਭਉ, ਨਿਰਵੈਰ, ਨਿਰੰਕਾਰ ਦੀ ਪੂਜਾ ਜਾਂ 'ਸਿਮਰਨ' ਕਮਾਈ ਦਾ ਪਰਤਾਪ ਸੀ। ਮੇਰਾ ਵਿਸ਼ਵਾਸ਼ ਹੈ ਕਿ ਬਾਬੇ ਬੰਦੇ ਦੇ ਅੰਤਮ ਸਿਦਕ ਅਤੇ ਮੀਰਾਂ ਕੋਟੀਏ ਭਾਈ ਮਹਿਤਾਬ ਸਿੰਘ ਦੀ ਸਿਰਲੱਥ ਸੂਰਮਗਤੀ ਦੇ ਕਮਾਲ ਦੀ ਤਹਿ ਵਿਚ 'ਸਿਮਰਨ' ਕਲਾ ਖੇਡਦੀ ਸੀ।

ਮੈਂ ਜਿਥੇ ਸਿਮਰਨ-ਅਭਿਆਸ ਦਾ ਆਸ਼ਕ ਹਾਂ ਉਥੇ ਸਿਮਰਨ ਅਭਿਆਸ ਦੇ ਵਡੇ ਜੌਹਰਾਂ ਸ਼ਹੀਦੀ ਤੇ ਸੂਰਮਗਤੀ ਦਾ ਵੀ ਪੁਜਾਰੀ ਹਾਂ, ਜਿਥੇ ਆਪਣੇ ਗੁਰਦੇਵ ਦੇ **ਇਸ** ਉਪਦੇਸ਼ ਨੂੰ ਜੀਵਨ ਦਾ ਆਦਰਸ਼ ਸਮਝਦਾ ਹਾਂ :

"ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲ ਸਾਧ ਸੰਗਤਿ ਭਜ ਕੇਵਲ ਨਾਮ॥
ਸਰੰਜਾਮਿ ਲਾਗੁ ਭਵਜਲ ਤਰਨ ਕੈ॥
ਜਨਮੁ ਬਿਰਥਾ ਜਾਤ ਰੰਗ ਮਾਇਆ ਕੈ॥

(ਗੁਰੂ ਅਰਜਨ ਦੇਵ)

ਉਥੇ ਆਪਣੇ ਗੁਰਦੇਵ ਦੇ ਇਸ ਮਹਾਂਵਾਕ ਦੀ ਸਚਾਈ ਤੇ ਲੋੜ ਨੂੰ ਵੀ ਡਾਢੀ ਚੰਗੀ ਤਰ੍ਹਾਂ ਅਨੁਭਵ ਕਰਦਾ ਹਾਂ :

ਦੇਹ ਸ਼ਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂ ਨ ਟਰੋਂ।
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ
ਨਿਸਚੇ ਕਰ ਅਪਨੀ ਜੀਤ ਕਰੋਂ।
ਅਰ ਸਿਖ ਹੋਂ ਅਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਧਾਨ ਬਨੈ
ਅਤ ਹੀ ਰਣ ਮੈਂ ਤਬ ਜੂਝ ਮਰੋਂ।

(ਗੁਰੂ ਗੋਬਿੰਦ ਸਿੰਘ)

ਕਿਉਂਕਿ ਮੈਂ ਖਾਲਸਾ ਕੌਮ ਦੀਆਂ ਸਾਰੀਆਂ ਮੁਸ਼ਕਲਾਂ, ਸਾਰੀਆਂ ਔਕੜਾਂ, ਸਾਰੀਆਂ ਢਹਿੰਦੀਆਂ ਕਲਾਂ ਦਾ ਇਲਾਜ ਕੇਵਲ ਇਕੋ ਹੀ ਸਮਝਦਾ ਹਾਂ ਅਤੇ ਉਹ ਹੈ ਸਾਡੇ ਸਤਿਗੁਰਾਂ ਦਾ ਬਖਸ਼ਿਆ ਹੋਇਆ, ਸਾਡੇ ਦੁਖ ਸੁਖ ਦਾ ਭਾਈਵਾਲ ਸਾਡੇ ਹਰ ਹਾਲ ਵਿਚ ਕੰਮ ਆਉਣ ਵਾਲਾ, 'ਅਕਾਲ ਪੁਰਖ' ਤੇ 'ਖੰਡੇ' ਦੀ ਪੂਜਾ ਦਾ ਉਪਦੇਸ਼। ਇਸ ਲਈ ਸਚ ਦੀ ਪ੍ਰਾਪਤੀ ਦੇ ਸਾਧਨ, 'ਬੰਦਗੀ ਨਾਮੇ' ਅੰਦਰ ਪ੍ਰਕਾਸ਼ਤ ਕਰਨ ਮਗਰੋਂ, ਸ਼ਹੀਦੀ ਤੇ ਸੂਰਮਗਤੀ ਦੀਆਂ ਇਤਿਹਾਸਕ ਕਵਿਤਾਵਾਂ 'ਖਾਲਸਾਈ ਸ਼ਾਨ' ਵਿਖੇ ਪ੍ਰਕਾਸ਼ਿਤ ਕਰ ਰਿਹਾ ਹਾਂ।

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤ ਰਣ ਮੰਡੰ ਵਰਭੰਡੰ॥
ਭੁਜ ਦੰਡ ਅਖੰਡੰ ਤੇਜੁ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥
ਸੁਖ ਸੰਤਾਂ ਸਰਣੰ ਦੁਰਮਤ ਦਰਣੰ ਕਿਲ ਬਿਖ ਹਰਣੰ ਅਸਵਰਣੰ॥
ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣੁ ਮਮ ਪ੍ਰਿਤਪਾਰਣ ਜੈ ਤੇਗੰ॥

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ॥
ਸੈਫ ਸਰੋਹੀ ਸੈਹਥੀ ਯਹੀ ਹਮਾਰੇ ਪੀਰ॥

(ਗੁਰੂ ਗੋਬਿੰਦ ਸਿੰਘ)

੧ ਸਤੰਬਰ ੧੯੪੨

ਰਘਬੀਰ ਸਿੰਘ 'ਬੀਰ'
ਕਲਕੱਤਾ

ਖਾਲਸਈ ਸ਼ਾਨ

ਰਘਬੀਰ ਸਿੰਘ 'ਬੀਰ'

ਸਿੱਖਾਂ ਦਾ ਕੌਮੀ ਰੁੱਖੜਾ

ਸਿੱਖਾਂ ਦਾ ਕੌਮੀ ਰੁੱਖੜਾ
ਹੈ ਬੋਹੜ ਜੋ ਬਣਿਆ ਖੜ੍ਹਾ।
ਅਜ ਜਿਸਦੀ ਸੰਘਣੀ ਛਾਂ ਏ।
ਅਜ ਜਿਸਦਾ ਇਤਨਾ ਨਾਂ ਏ।
ਏਹ ਸੀ ਜਦੋਂ ਉਗਦਾ ਪਿਆ।
ਕੋਮਲ ਬਦਨ ਛੋਟਾ ਜਿਹਾ।
ਓਦੋਂ ਦੇ ਸੁਣੀਏਂ ਹਾਲ ਜੇ।
ਛਾਤੀ 'ਚ ਧੜਕਣ ਕਾਲਜੇ।
ਸਾਰੀ ਚੌਹੰਕੁੰਟੀ ਵੈਰ ਸੀ।
ਔਂਦੀ ਨਜ਼ਰ ਨਾ ਖੈਰ ਸੀ।
ਅੰਬਰ ਤੋਂ ਭਬਕਣ ਬਿਜਲੀਆਂ।
ਗਰਜਨ ਤੇ ਲਿਸ਼ਕਣ ਬਿਜਲੀਆਂ,
ਥਾਂ ਤਰੇਲ ਦੀ ਪੈਂਦਾ ਗੜਾ।
ਸਿਰ ਸੈਂਹਦਾ ਏਹ ਕੱਲਾ ਖੜਾ।
ਪੈਰਾਂ ਦੀ ਮਿਟੀ ਗੈਰ ਸੀ।
ਪਾਣੀ ਹਵਾ ਵਿਚ ਜ਼ੈਹਰ ਸੀ।

ਵੱਡੇ ਦਰਖਤਾਂ ਨੂੰ ਸਦਾ।
ਏਹ ਕੰਡੇ ਵਾਂਗਰ ਰੜਕਦਾ।
ਕਈ ਵਾਰ ਲੋਕਾਂ ਛਾਂਗਿਆ।
ਫੁੱਲਾਂ ਫਲਾਂ ਤੋਂ ਵਾਂਜਿਆ।
ਕਈ ਵਾਰ ਲੋਕਾਂ ਪੁਟਿਆ।
ਆਪਣੀ ਵਲੋਂ ਪੁਟ ਸੁਟਿਆ।
ਪਰ ਸਦਕੇ ਮਾਲੀ ਏਸ ਦੇ।
ਬਲਿਹਾਰ ਵਾਲੀ ਏਸ ਦੇ।
ਐਸੀ ਅਚੱਲ ਤਾਕਤ ਧਰੀ।
ਐਸੀ ਅਟੱਲ ਸ਼ਕਤੀ ਭਰੀ।
ਜਿਥੋਂ ਜ਼ਮਾਨਾ ਪੁਟਦਾ।
ਉਥੋਂ ਹੀ ਮੁੜ ਏਹ ਫੁਟਦਾ।
ਜਿਥੋਂ ਜ਼ਮਾਨਾ ਵਢਦਾ।
ਉਥੋਂ ਹੀ ਏਹ ਸਿਰ ਕਢਦਾ।
ਜੜ੍ਹ ਏਸ ਦੀ ਪਾਤਾਲ ਸੀ।
ਵਿੰਗਾ ਨਾ ਹੁੰਦਾ ਵਾਲ ਸੀ।

ਮੀਰਾਂ ਕੋਟੀਆ ਦਲੇਰ ਅਤੇ ਮੱਸਾ ਰੰਘੜ

ਸੀਨ ਪਹਿਲਾ—ਮੱਸੇ ਦੀ ਚੜ੍ਹਾਈ

ਮੱਸਾ ਗਿਆ ਹੰਕਾਰਿਆ।
ਹੰਕਾਰਿਆ ਸੋ ਮਾਰਿਆ।
ਦਿਲ ਥੀਂ ਖੁਦਾ ਨੂੰ ਭੁਲ ਕੇ।
ਮਾਯਾ ਦੇ ਉਤੇ ਡੁਲ੍ਹ ਕੇ।
ਬ੍ਰਾਵਾਂ ਦੇ ਉਤੇ ਫੁੱਲ ਕੇ।
ਪਾਪਾਂ ਦੇ ਉਤੇ ਤੁੱਲ ਕੇ।
ਕਰਕੇ ਸਲਾਮ ਇਸਲਾਮ ਨੂੰ।
ਬਦਨਾਮ ਕਰ ਸ਼ੁਭ ਨਾਮ ਨੂੰ।
ਲੜ ਛੋੜ ਕੇ ਈਮਾਨ ਦਾ।
ਪੱਲਾ ਪਕੜ ਸ਼ੈਤਾਨ ਦਾ।
ਮੂੰਹ ਨੇਕੀਆਂ ਤੋਂ ਮੋੜ ਕੇ।
ਬਦੀਆਂ ਦਾ ਲਸ਼ਕਰ ਜੋੜ ਕੇ।
ਲਖਾਂ ਜਵਾਨਾਂ ਨਾਲ ਲੈ।
ਜੰਗੀ ਸਾਮਾਨਾ ਨਾਲ ਲੈ।
ਤੁਰਕਾਂ ਪਠਾਣਾਂ ਨਾਲ ਲੈ।
ਬਲਵਾਨ ਖਾਨਾਂ ਨਾਲ ਲੈ।
ਲਲਕਾਰਦਾ ਬਲਕਾਰਦਾ।
ਸ਼ੂਕਾਂ ਤੇ ਫੂਕਾਂ ਮਾਰਦਾ।
ਲੁਟਣ ਖੁਦਾ ਦੇ ਨਗਰ ਨੂੰ।
ਅਜ਼ਮੌਣ ਉਸ ਦੇ ਸਬਰ ਨੂੰ।
ਪੁਟਣ ਖੁਦਾ, ਦੇ ਘਰ ਨੂੰ।
ਸਰ ਕਰਨ ਅੰਮਰਤਸਰ ਨੂੰ।
ਧੌਂਸੇ ਵਜੌਂਦਾ ਆ ਗਿਆ।
ਗਜਦਾ ਗਜੌਂਦਾ ਆ ਗਿਆ।
ਮਿੱਟੀ ਉਡੌਂਦਾ ਆ ਗਿਆ।
ਸਿਕੇ ਬਹੌਂਦਾ ਆ ਗਿਆ।

ਸੀਨ ਦੂਸਰਾ—ਅੰਮ੍ਰਤਸਰ ਦੀ ਤਬਾਹੀ

ਮੂੰਹ ਆਕਬਤ ਤੋਂ ਫੇਰ ਕੇ।
ਸਾਰੇ ਨਗਰ ਨੂੰ ਘੇਰ ਕੇ।
ਘਰ ਘਰ ਦਾ ਬੂਹਾ ਪੁਟਿਆ।
ਇਕ ਇਕ ਨੂੰ ਕਰਕੇ ਲੁਟਿਆ।
ਜੋ ਕੁਸਕਿਆ ਸੋ ਫਸ ਗਿਆ।
ਜੋ ਬਿਰਕਿਆ ਸੋ ਬਸ ਗਿਆ।
ਕਰਕੇ ਵਿਆਹੀਆਂ ਰੰਡੀਆਂ।
ਪਾਈਆਂ ਸਿਪਾਹੀਆਂ ਵੰਡੀਆਂ।
ਜੋ ਕੁਆਰੀਆਂ ਮੁਟਿਆਰੀਆਂ।
ਕੁੜੀਆਂ ਸੀ ਰੂਪ ਸ਼ਿੰਗਾਰੀਆਂ।

ਸਭ ਪਕੜ ਕੇ ਲੈ ਆਂਦੀਆਂ।
ਮੱਸੇ ਦੀਆਂ ਸਨ ਬਾਂਦੀਆਂ।
ਗੋਦਾਂ 'ਚੋਂ ਬਚੇ ਖੋਹ ਕੇ।
ਅਖਾਂ ਦੇ ਅਗੇ ਕੋਹ ਕੇ।
ਪਾ ਦਿਤੇ ਡੋਲੀ ਮੌਤ ਦੀ।
ਭਰ ਦਿਤੀ ਝੋਲੀ ਮੌਤ ਦੀ।
ਬਿਰਧਾਂ ਨੂੰ ਰੋਣੇ ਪੈ ਗਏ।
ਧੀਆਂ ਤੇ ਨੂਹਾਂ ਲੈ ਗਏ।
ਉਮਰਾਂ ਦਾ ਪਿਛਲਾ ਪੈਹਰ ਸੀ।
ਉਤੋਂ ਏਹ ਹੋਇਆ ਕੈਹਰ ਸੀ।
ਸਾਰੇ ਹਨੇਰੀ ਛਾ ਗਈ।
ਪਲ ਵਿਚ ਪਰਲੋ ਆ ਗਈ।
ਕਲ੍ਹ ਸ਼ੈਹਰ ਜੋ ਆਬਾਦ ਸੀ।
ਅਜ ਹੋ ਗਿਆ ਬਰਬਾਦ ਸੀ।

ਸੀਨ ਤੀਸਰਾ—ਹਰਿਮੰਦਰ ਵਿਚ ਅਤਿਆਚਾਰ

ਸ਼ੈਤਾਨ ਝੰਡਾ ਗਡਿਆ।
'ਹਰਿ' ਹਰੀ ਮੰਦਰੋਂ ਕਢਿਆ।
ਨਕਸ਼ਾ ਹੀ ਸਾਰਾ ਬਦਲਿਆ।
ਸਾਰਾ ਨਜ਼ਾਰਾ ਬਦਲਿਆ।
ਮੱਸੇ ਦਾ ਹੀ ਹੁਣ ਦੌਰ ਸੀ।
ਸੀਸ ਉਤੇ ਝੁਲਦੇ ਚੌਰ ਸੀ।
ਮੱਸੇ ਦਾ ਹੀ ਹੁਣ ਰਾਜ ਸੀ।
ਲੁਕਿਆ ਕਿਤੇ ਮਹਾਰਾਜ ਸੀ।
ਹੁਣ ਸੱਚ ਦੀ ਹਸਤੀ ਨਾ ਸੀ।
ਤੇ ਨਾਮ ਦੀ ਮਸਤੀ ਨਾ ਸੀ।
ਮਸਤੀ ਸੀ ਸੁਰਖ ਸ਼ਰਾਬ ਦੀ।
ਹਸਤੀ ਸੀ ਮਾਯਾ ਖਾਬ ਦੀ।
ਮੱਸਾ ਕਰੇ ਸ਼ੈਤਾਨੀਆਂ।
ਸ਼ੈਤਾਨੀਆਂ ਹੈਵਾਨੀਆਂ।
ਸਿਰ ਐਸਾ ਚੜ੍ਹਿਆ ਜੋਮ ਸੀ।
ਪਥੱਰ ਨ ਹੁੰਦਾ ਮੋਮ ਸੀ।
ਭਗਤੀ ਦੀ ਥਾਂ ਐੱਯਾਸ਼ੀਆਂ।
ਪੂਜਾ ਦੀ ਥਾਂ ਬਦਮਾਸ਼ੀਆਂ।
ਚੁਣ ਚੁਣ ਕੇ ਹਿੰਦੂ ਨਾਰੀਆਂ।
ਸੁੰਦਰ ਸ਼ਕਲ ਮੁਟਿਆਰੀਆਂ।
ਛੱਟਾਂ ਗਮਾਂ ਸਿਰ ਲੱਦੀਆਂ।
ਸ਼ਰਮਾਂ ਹਯਾਵਾਂ ਬੱਧੀਆਂ।
ਕੁਮਲੌਂਦੀਆਂ, ਵਲ ਖੌਂਦੀਆਂ।
ਮੈਹਫਲ 'ਚ ਧੂਹੀਆਂ ਔਂਦੀਆਂ।
ਸਾਗਰ ਭਰਨ ਪਤਵੰਤੀਆਂ।
ਸਾਕੀ ਬਣੇ ਸਤਵੰਤੀਆਂ।
ਮੁਜਰੇ ਤਮਾਸ਼ੇ ਰੰਗ ਸੀ।
ਨਾ ਸ਼ਰਮ ਸੀ ਨਾ ਸੰਗ ਸੀ।
ਇਹ ਵੇਖ ਕੇ ਪਰਵਾਨਿਆਂ।
ਦੀਵਾਨਿਆਂ ਮਸਤਾਨਿਆਂ।
ਅਖਾਂ 'ਚ ਗੈਰਤ ਆਂਵਦੀ।
ਸਿਰ ਅਣਖ ਸੀ ਚੜ੍ਹ ਜਾਂਵਦੀ।
ਤਦ ਮਾਰ ਟੱਕਰ ਸ਼ਮਾਂ ਨੂੰ।
ਸੀ ਤੋੜਦੇ ਓਹ ਦਮਾਂ ਨੂੰ।
ਸੀ ਸ਼ਮਾਂ ਵੀ ਸਿਰ ਫੇਰਦੀ।
ਹੰਝੂ ਗਮਾਂ ਦੇ ਕੇਰਦੀ।

ਰੋ ਰੋ ਕੇ ਜਾਂਦੀ ਸੁਕ ਸੀ।
ਘੁਲ ਘੁਲ ਕੇ ਜਾਂਦੀ ਮੁਕ ਸੀ॥

ਐਡਾ ਨਸ਼ੇ ਦਾ ਜੋਸ਼ ਸੀ।
ਮੱਸਾ ਪਿਆ ਮਦ-ਹੋਸ਼ ਸੀ।

ਸੀਨ ਚੌਥਾ—ਹੋਣੀ ਦਾ ਇਕ ਬਿਰਧ ਸਿੱਖ ਨੂੰ ਪ੍ਰੇਰਨਾ

ਜਦ ਕਾਲ ਔਂਦਾ ਸੱਪ ਦਾ।
ਖੁਡੋਂ ਨਿਕਲ ਰਾਹ ਨੱਪਦਾ।
ਜਦ ਉਮਰ ਦੇ ਦਿਨ ਪੁੱਗਦੇ।
ਪਰ ਕੀੜਿਆਂ ਨੂੰ ਉਗਦੇ।
ਜਦ ਹਵਾ ਹੈ ਰੁਕ ਜਾਂਵਦੀ।
ਸਮਝੋ ਹਨੇਰੀ ਆਂਵਦੀ।
ਡੁਬਣ ਤੋਂ ਪਹਿਲਾਂ ਪਾਪ ਦਾ।
ਬੇੜਾ ਹੈ ਭਰਿਆ ਜਾਪਦਾ।
ਮੱਸਾ ਨਿਡਰ ਜਾਂ ਸੌਂ ਗਿਆ।
ਕਿਸਮਤ ਦਾ ਚੱਕਰ ਭੌਂ ਗਿਆ।
ਪਾਪਾਂ ਜਗਾਇਆ ਹੋਣੀ ਨੂੰ।
ਰੱਬੀ ਅਦਲ ਦੀ ਟੋਹਣੀ ਨੂੰ।
ਹੋਣੀ ਨੇ ਆ ਇਕ ਤਾੜਿਆ।
ਸਿੱਖ ਬਿਰਧ ਦੁਖਾਂ ਸਾੜਿਆ।
ਮਹਿੰਗਾ ਕਦੀ ਜੋ ਲੱਖ ਤੋਂ।
ਪਰ ਹੁਣ ਸੀ ਸਸਤਾ ਕੱਖ ਤੋਂ।
ਉਸ ਕੋਲ ਹੋਣੀ ਆਣ ਕੇ।
ਮਾਰੇ ਨਹੋਰੇ ਤਾਣ ਕੇ।
ਸੁਣ ਸੁਣ ਕੇ ਸੀਨਾ ਫੱਟਦਾ।
ਬੁਲ੍ਹਾਂ ਨੂੰ ਸੀ ਉਹ ਕੱਟਦਾ।
ਸੋਚੇ ਕਰਾਂ ਤੇ ਕੀ ਕਰਾਂ।
ਕੁਝ ਖਾ ਮਰਾਂ ਕਿ ਪੀ ਮਰਾਂ।

ਫਿਰ ਦਾੜ੍ਹੇ ਤੇ ਹੱਥ ਫੇਰ ਕੇ।
ਕਹਿੰਦਾ ਸੀ ਬੁਢਾ ਸ਼ੇਰ ਏ।
ਮੈਂ ਨੌਜਵਾਨਾਂ ਪਾਸ ਜਾ।
ਦਸਾਂਗਾ ਸਾਰੀ ਵਾਰਤਾ।
ਆਪੇ ਜਦੋਂ ਉਹ ਸੁਨਣਗੇ।
ਇਕ ਇਕ ਨੂੰ ਆ ਕੇ ਚੁਨਣਗੇ।
ਗਿਣ ਗਿਣ ਕੇ ਬਦਲੇ ਲੈਣਗੇ।
ਕੁਝ ਮਾਈ ਦੇ ਕੁਝ ਭੈਣ ਦੇ।
ਉਹਨਾਂ ਦੀ ਵਖਰੀ ਜਾਨ ਏ।
ਉਹਨਾਂ ਦੀ ਵਖਰੀ ਆਨ ਏ।
ਉਹ ਵਾਰ ਸੁਟਣ ਜਾਨ ਨੂੰ।
ਵੱਟ ਨ ਲਾਵਣ ਆਨ ਨੂੰ।
ਉਹਨਾਂ ਦੀ ਹਿੰਮਤ ਹੋਰ ਏ।
ਉਹਨਾਂ ਦੀ ਵਖਰੀ ਤੋਰ ਏ।
ਉਹ ਸਾਗਰਾਂ ਨੂੰ ਭੇੜਦੇ।
ਤੇ ਪਰਬਤਾਂ ਨੂੰ ਰੇੜ੍ਹਦੇ।
ਉਹਨਾਂ ਦੇ ਜਿਤ ਚਿੱਤ ਵੱਸਦੀ।
ਹਾਰ ਅਗੋ ਕੋਹਾਂ ਨਸਦੀ।
ਮਾਯਾ ਤੇ ਨਾ ਉਹ ਥੁਕਦੇ।
ਉਪਕਾਰ ਤੋਂ ਨਾ ਉਕਦੇ।
ਡਾਹਢੇ ਧਨੀ ਤਲਵਾਰ ਦੇ।
ਆਸ਼ਕ ਬੜੇ ਕਰਤਾਰ ਦੇ।

ਮਰ ਮਿਟਣ ਉਸਦੇ ਨਾਮ ਤੋਂ।
ਲੜਦੇ ਸ਼ਹੀਦੀ ਜਾਮ ਤੋਂ।
ਕਰ ਮਾਣ ਐਡੇ ਕੌਮ ਤੇ।
ਰਖ ਤਾਣ ਐਡੇ ਕੌਮ ਤੇ।

ਅਰਦਾਸ ਕਰ ਦੇ ਤੁਰ ਪਿਆ।
ਘੋੜੇ ਹਵਾ ਦੇ ਚੜ੍ਹ ਗਿਆ।
ਦੁਖੜੇ ਉਠੌਂਦਾ ਢੇਰ ਉਹ।
ਜਾ ਵੜਿਆ ਬੀਕਾਨੇਰ ਉਹ।

ਪੰਜਵਾਂ ਸੀਨ—ਬੀਕਾਨੇਰ ਦੇ ਜੰਗਲਾਂ ਵਿਚ ਸਿੰਘਾਂ ਦਾ ਦੀਵਾਨ

ਜੰਗਲ ਬੜਾ ਇਕ ਸੰਘਣਾ।
ਮੁਸ਼ਕਲ ਸੀ ਜਿਸ ਨੂੰ ਲੰਘਣਾ।
ਸੱਪਾਂ ਸ਼ੀਹਾਂ ਭਰਿਆ ਪਿਆ।
ਡਰ ਖਤਰਿਆਂ ਭਰਿਆ ਪਿਆ।
ਜੰਗਲ ਕਈ ਇਕ ਮੀਲ ਸੀ।
ਵਿਚਕਾਰ ਇਸ ਦੇ ਝੀਲ ਸੀ।
ਸੁੰਦਰ ਬੜੀ ਰਮਣੀਕ ਸੀ।
ਫਬਦੀ ਏਹ ਓਥੇ ਠੀਕ ਸੀ।
ਇਸ ਝੀਲ ਦੇ ਕੰਢੇ ਤੇ ਆ।
ਸਿੰਘਾਂ ਦਾ ਦਲ ਇਕ ਉਤਰਿਆ।
ਡਾਹਢੀ ਪਸੰਦ ਆਈ ਜਗ੍ਹਾ।
ਲਏ ਉਥੇ ਹੀ ਡੇਰੇ ਲਗਾ।
ਜੰਗਲ 'ਚ ਮੰਗਲ ਮਾਣਦੇ।
ਉਹ ਸੁਰਗ ਨੂੰ ਕੀ ਜਾਣਦੇ।
ਇਕ ਦਿਨ ਸਮੇਂ ਰਹਿਰਾਸ ਦੇ।
ਸਭ ਆਸ ਦੇ ਸਭ ਪਾਸ ਦੇ।
ਦੁਨੀਆਂ ਵਲੋਂ ਮੂੰਹ ਮੋੜ ਕੇ।
ਬੈਠੇ ਸੀ ਬਿਰਤੀ ਜੋੜ ਕੇ।
ਏਨੇ ਨੂੰ ਇਕ ਬੁਢਾ ਜਿਹਾ।
ਸਿੰਘ ਆਣ ਉਥੇ ਨਿਕਲਿਆ।

ਸਭਨਾਂ ਨੂੰ ਚੜ੍ਹਿਆ ਚੰਨ ਸੀ।
ਹੋਏ ਬੜੇ ਪ੍ਰਸੰਨ ਸੀ।
ਪਰ ਉਹ ਬੜਾ ਲਾਚਾਰ ਸੀ।
ਕੀਤਾ ਸਫਰ ਬੀਮਾਰ ਸੀ।
ਪੈਂਡੇ ਮੁਕਾਈ ਜਾਨ ਸੀ।
ਬੁਲ੍ਹਾਂ ਤੇ ਅਟਕੇ ਪ੍ਰਾਣ ਸੀ।
ਮੱਸੇ ਦੀ ਸਾਰੀ ਵਾਰਤਾ।
ਕੈਹ ਕੇ ਚਲਾਣਾ ਕਰ ਗਿਆ।

ਏਹ ਖਬਰ ਸੀ ਤਿਖੀ ਛੁਰੀ।
ਸਾਰੇ ਦਿਲਾਂ ਉਤੇ ਫਿਰੀ।
ਇਸ ਦਲ ਦਾ ਜੋ ਸਰਦਾਰ ਸੀ।
ਵਰ੍ਹਿਆਂ ਤੋਂ ਜਥੇਦਾਰ ਸੀ।
ਇਕ ਸ਼ੇਰ ਦੀ ਸੂਰਤ ਸੀ ਉਹ।
ਇਕ ਭਜਨ ਦੀ ਮੂਰਤ ਸੀ ਉਹ।
ਲੈ ਪੰਜ ਪਿਆਰੇ ਨਾਲ ਜਾ।
ਵਖਰਾ ਰਿਹਾ ਕੁਝ ਸੋਚਦਾ।
ਫਿਰ ਸੰਗਤਾਂ ਵਿੱਚ ਆਂਵਦਾ।
ਮੁਖ ਥੀਂ ਇਹ ਬਚਨ ਸੁਨਾਂਵਦਾ।
"ਕੌਮਾਂ ਤੇ ਬਿਪਤਾ ਔਂਦੀਆਂ।

ਉਲਟੌਂਦੀਆਂ ਪੁਲਟੌਂਦੀਆਂ।
ਕਸਵੱਟੀਆਂ ਤੇ ਲੌਂਦੀਆਂ।
ਜੀਵਨ ਦਾ ਹੱਕ ਅਜ਼ਮੌਂਦੀਆਂ।
ਸਾਬਤ ਜਦੋਂ ਕਰਨਾ ਪਵੇ।
ਜੀਵਨ ਲਈ ਮਰਨਾ ਪਵੇ।
ਮਰਨੇ ਨੂੰ ਜੋ ਤਯਾਰ ਨੇ।
ਜੀਵਨ ਦੇ ਉਹ ਹੱਕਦਾਰ ਨੇ।
ਹੁੰਦੇ ਜੋ ਤੁਖ਼ਮ ਅਸੀਲ ਦੇ।
ਪਏ ਵਖਤ ਜਿੰਦਾਂ ਹੀਲਦੇ।"
ਏਹ ਕਹਿਕੇ ਉਸ ਸਰਦਾਰ ਨੇ।
ਹੁਸ਼ਿਆਰ ਜਥੇਦਾਰ ਨੇ।
ਖੰਡਾ ਮਿਆਨੋਂ ਕਢਿਆ।
ਲਿਸ਼ਕਾ ਕੇ ਭੋਏਂ ਗੱਡਿਆ।

ਬਾਂਹ ਸੱਜੀ ਫੇਰ ਉਲਾਰਦਾ।
ਲਲਕਾਰ ਸੁਖਨ ਉਚਾਰਦਾ।
"ਹੈ ਕੌਣ ਐਸਾ ਸੂਰਮਾਂ।
ਖਾਵੇ ਸ਼ਹੀਦੀ ਚੂਰਮਾਂ।
ਹੈ ਕੌਣ ਮਰਦ ਮੈਦਾਨ ਦਾ।
ਧੜਕਾ ਨ ਜਿਸ ਨੂੰ ਜਾਨ ਦਾ।
ਇਸ ਖੰਡੇ ਨੂੰ ਜੋ ਫੜ ਲਏ।
ਜਿੱਤ ਕਾਲ ਵਾਲਾ ਗੜ੍ਹ ਲਏ।
ਸਿਰ ਰਖ ਕੇ ਜੋ ਤਲੀ ਤੇ।
ਮਾਹੀਏ ਦੀ ਪਹੁੰਚੇ ਗਲੀ ਤੇ।
ਮੱਸੇ ਦੀ ਅਣਖ ਮੁਕਾਏ ਜੋ।
ਸਿੰਘਾਂ ਦੀ ਅਣਖ ਵਿਖਾਏ ਜੋ।"

ਮੈਹਤਾਬ ਸਿੰਘ

ਸੁਣ ਸਾਰਿਆਂ ਰੋਹ ਚੜ੍ਹ ਗਿਆ।
ਇਕ ਸਿੰਘ ਫੋਰਨ ਖੜ੍ਹ ਗਿਆ।
ਮੈਹਤਾਬ ਸਿੰਘ ਅਖਵਾਂਵਦਾ।
ਛਿੰਜਾਂ 'ਚ ਧੁੰਮਾਂ ਪਾਂਵਦਾ।
ਮੁੰਡਾ ਜਿਹਾ ਸੀ ਜਾਪਦਾ।
ਚਾਨਣ ਕਿਸੇ ਮਾਂ ਬਾਪ ਦਾ।
ਮਸ ਆਈ ਮੂੰਹ ਤੇ ਫੁੱਟ ਕੇ।
ਚੜ੍ਹਿਆ ਸੀ ਜੋਬਨ ਟੁਟ ਕੇ।
ਲੂੰ ਲੂੰ 'ਚ ਮਸਤੀ ਲੜ ਰਹੀ।
ਸਿਖਰੇ ਜਵਾਨੀ ਚੜ੍ਹ ਰਹੀ।
ਲੋਹੇ ਦੇ ਵਿਚ ਢਲਿਆ ਸੀ ਉਹ।
ਸ਼ੇਰਾਂ ਦੇ ਵਿਚ ਪਲਿਆ ਸੀ ਉਹ।

ਸੀ ਸ਼ਸਤਰਾਂ ਵਿਚ ਖੇਲਿਆ।
ਡਰ ਖਤਰਿਆਂ ਵਿਚ ਮੇਲਿਆ।
ਗੁੜਤੀ ਮਿਲੀ ਕਿਰਪਾਨ ਦੀ।
ਧੁਨ ਸੀ ਸ਼ਹੀਦੀ ਪਾਣ ਦੀ।
ਨਿਸਚਾ ਸੀ ਅਪਣੇ ਆਪ ਤੇ।
ਜਾਂ ਵਾਹਿਗੁਰੂ ਦੇ ਜਾਪ ਤੇ।
ਹਥ ਬੰਨ੍ਹ ਕੇ ਮੂੰਹ ਖੋਲ੍ਹਦਾ।
ਗਲ ਪਾ ਕੇ ਪੱਲਾ ਬੋਲਦਾ।
ਮੂੰਹ ਛੋਟਾ ਵੱਡੀ ਗੱਲ ਹੈ।
ਤੇ ਕਹਿਣ ਦਾ ਨਾ ਵੱਲ ਹੈ।
ਸੁਣ ਐਡੀ ਹੇਠੀ ਧਰਮ ਦੀ।
ਹੱਦ ਏ ਨਾ ਮੇਰੀ ਸ਼ਰਮ ਦੀ।

ਕਾਰਾ ਕਰਾਂ ਕੁਝ ਸੋਚਨਾ।
ਮਾਰਾਂ ਮਰਾਂ ਏਹ ਲੋਚਨਾਂ।
ਮੈਹਤਾਬ ਮੱਸੇ ਮੌਤ ਦੇ।
ਪੈਹਲੇ ਹਰਫ ਇਕੋ ਜਹੇ।
ਕਰਨਾ ਹੈ ਮੇਰਾ ਉਸਦਾ।
ਇਸ ਮੌਤ ਨੇ ਹੀ ਫੈਸਲਾ।
ਮੱਸੇ ਦੀ ਜੇ ਸੇਵਾ ਮਿਲੇ।
ਦਿਲ ਦੀ ਕਲੀ ਮੇਰੀ ਖਿਲੇ।
ਉਸ ਨੂੰ ਕਿਸੇ ਲਾ ਕੇ ਬਿਲੇ।
ਲਾਹ ਦੇਵਾਂ ਸਭਨਾਂ ਦੇ ਗਿਲੇ।"
ਇਹ ਕਹਿ ਕੇ ਖੰਡਾ ਫੜ ਲਿਆ।
ਉਹ ਖੂਨੀ ਝੰਡਾ ਫੜ ਲਿਆ।
ਸੀ ਮੌਤ ਨੂੰ ਵੰਗਾਰਦਾ।
ਖੰਡਾ ਪਕੜ ਲਲਕਾਰਦਾ।
"ਸਿਰ ਲਏ ਬਿਨਾਂ ਜੇ ਲੋਟਿਆ।
ਕਹਿਣਾ ਨਾ ਮੀਰਾਂ ਕੋਟੀਆ।"
ਏਹ ਆਖਦਾ ਹੀ ਸੀ ਪਿਆ।
ਇਕ ਹੋਰ ਸੂਰਾ ਉਠਿਆ।

ਸੁਖਾ ਸਿੰਘ

ਸੁਖਾ ਸਿੰਘ ਇਸ ਦਾ ਨਾਮ ਸੀ।
ਏਹ ਬੜਾ ਵਰਯਾਮ ਸੀ ।
ਬੇਧੜਕ ਸੀ, ਸਿਰਲੱਥ ਸੀ।
ਜਿੰਦ ਅਪਣੀ ਰਖਦਾ ਹਥ ਸੀ।
ਕੈਂਹਦਾ ਸੀ ਸੀਸ ਨਿਵਾਏ ਕੇ।
ਪੱਲੇ ਨੂੰ ਗਲ ਵਿਚ ਪਾਏ ਕੇ।
"ਮੈਹਤਾਬ ਮੇਰਾ ਯਾਰ ਏ।
ਮੇਰਾ ਤੇ ਏਹਦਾ ਪਿਆਰ ਏ।
ਮੁਢੋਂ ਅਸੀਂ ਕੱਠੇ ਰਹੇ।
ਭੀੜੇ ਸਮੇਂ ਗਠੇ ਰਹੇ।
ਮੈਂ ਜਿਸਮ ਤੇ ਏਹ ਜਾਨ ਏ।
ਮੈਂ ਜਾਨ ਤੇ ਏਹ ਪਰਾਨ ਏ।
ਬਲਦੀ 'ਚ ਮਾਰੇ ਛਾਲ ਏਹ।
ਮੈਂ ਵੇਖਾਂ ਕਠਨ ਮੁਹਾਲ ਏਹ।
ਸੰਗ ਏਸ ਦੇ ਹੀ ਜਾਵਸਾਂ।
ਲਾਈਆਂ ਨੂੰ ਤੋੜ ਨਿਭਾਵਸਾਂ।"
ਐਸੀ ਦਿਲੀ ਇਹ ਮੰਗ ਸੀ।
ਕਿ ਸਾਰੇ ਹੋਏ ਦੰਗ ਸੀ।
"ਅਸ਼ਕੇ ਜਵਾਨੋ" ਆਖਦੇ।
"ਵਾਹ ਨੌਜਵਾਨੋ" ਆਖਦੇ।
ਜਫੀ ਦੇ ਵਿਚ ਸਰਦਾਰ ਨੇ।
ਲੈ ਲੀਤਾ ਜੱਥੇਦਾਰ ਨੇ।
ਗੱਜਦੇ ਗਜੌਂਦੇ ਤੁਰ ਗਏ।
ਜੈਕਾਰੇ ਲੌਂਦੇ ਤੁਰ ਗਏ।

ਛੇਵਾਂ ਸੀਨ—ਹਰਿਮੰਦਰ ਵਿਚ ਮੱਸੇ ਦਾ ਆਖਰੀ ਦਰਬਾਰ

ਸਜਿਆ ਬੜਾ ਦਰਬਾਰ ਸੀ।
ਮੌਜੂਦ ਸਭ ਸਰਦਾਰ ਸੀ।
ਮੱਸਾ ਸੀ ਬੈਠਾ ਤਖਤ ਤੇ।
ਮਗਰੂਰ ਅਪਣੇ ਬਖਤ ਤੇ।
ਹਰ ਤਰਫ਼ ਜੈ ਜੈ ਕਾਰ ਸੀ।
ਮੱਸਾ ਬੜੀ ਸਰਕਾਰ ਸੀ।

ਹਿੰਦੂ ਜੇ ਚਾਹੇ ਜ਼ਿੰਦਗੀ।
ਸੌ ਸੌ ਸਹੇ ਸ਼ਰਮਿੰਦਗੀ।
ਜਜ਼ੀਆ ਉਹ ਤਾਰੇ ਸ਼ਰਤ ਸੀ।
ਨਜ਼ਰਾਂ ਗੁਜ਼ਾਰੇ, ਸ਼ਰਤ ਸੀ।
ਕਾਫਰ ਕਹਾਏ, ਸ਼ਰਤ ਸੀ।
ਗੈਰਤ ਮਿਟਾਏ, ਸ਼ਰਤ ਸੀ।
ਨੇੜੇ ਤੇ ਦੂਰੋਂ ਆਂਵਦੇ।
ਜਜ਼ੀਏ ਸੀ ਲੋਕ ਲਿਆਂਵਦੇ।
ਖੁਸ਼ਹਾਲੀ ਚਾਰ ਚੁਫੇਰ ਸੀ।
ਮੋਹਰਾਂ ਦੇ ਲੱਗੇ ਢੇਰ ਸੀ।
ਹਥ ਜੋੜ ਇਕ ਸਰਦਾਰ ਨੇ।
ਫੌਜੀ ਸਿਪਾਹਸਾਲਾਰ ਨੇ।
ਮੱਸੇ ਨੂੰ ਉਠ ਕੇ ਆਖਿਆ।
ਕਿ "ਸਿੱਖ ਨਾ ਕੋਈ ਰਿਹਾ।
ਕੀਤਾ ਕਤਲ ਜੀ ਖੋਲ੍ਹ ਕੇ।
ਸਿਖਾਂ ਦਾ ਜੀ ਜੀ ਟੋਲ ਕੇ।
ਨਾ ਆਸ ਹੈ ਨਾ ਪਾਸ ਹੈ।
ਸਿਖਾਂ ਦਾ ਬੀਂ ਹੁਣ ਨਾਸ ਹੈ।
ਏਹ ਕੌਮ ਮੁਕਵਾਈ ਗਈ।
ਦੁਨੀਆਂ ਤੋਂ ਚੁਕਵਾਈ ਗਈ।"
ਏਹ ਸੁਣਦੇ ਸਭ ਸਰਦਾਰ ਸੀ।
ਇੱਕ ਇੱਕ ਦੇ ਹੁੰਦੇ ਚਾਰ ਸੀ।
ਸਾਕੀ ਸੁਰਾਹੀਆਂ ਆਮ ਸੀ।
ਭਰ ਭਰ ਕੇ ਉਡਦੇ ਜਾਮ ਸੀ।
ਵੱਜਨ ਤੰਬੂਰੇ ਖੰਜਰੀਆਂ।
ਨਚਣ ਤੇ ਗਾਵਣ ਕੰਜਰੀਆਂ।
ਮਾਸ਼ੂਕ ਬਗਲੀਂ ਨਰਮ ਸੀ।
ਮੱਸੇ ਦੀ ਮੈਹਫਿਲ ਗਰਮ ਸੀ।

ਮੱਸੇ ਦਾ ਦਿਲ ਕਿਉਂ ਧੜਕਦਾ।
ਪਰ ਤੱਕ ਨਾ ਉਥੇ ਫੜਕਦਾ
ਮਾਇਆ ਨੇ ਪੈਰ ਪਸਾਰਿਆ।
ਮੱਸੇ ਨੇ ਮਰਨ ਵਿਸਾਰਿਆ।

••••

ਐਨੇ ਨੂੰ ਏਹ ਆਈ ਖਬਰ।
ਨਫਰਾਂ ਨੇ ਪਹੁੰਚਾਈ ਖਬਰ।
"ਦੋ ਖ਼ਾਨ ਦੂਰੋਂ ਆਏ ਨੇ।
ਮੋਹਰਾਂ ਤੇ ਤੋਹਫੇ ਲਿਆਏ ਨੇ।
ਕੁਝ ਤਾਰਨ ਆਏ ਮਾਮਲੇ।
ਕੁਝ ਸਾਰਨ ਆਏ ਮਾਮਲੇ।"
ਲੋਭੀ ਨੂੰ ਲੋਭ ਲੁਭਾ ਗਿਆ।
ਮੱਸੇ ਦਾ ਦਿਲ ਲਲਚਾ ਗਿਆ।
"ਆਵਣ ਦੇਓ" ਫੁਰਮਾਵੰਦਾ।
ਆਕੜ ਕੇ ਸੀ ਬੈਹ ਜਾਂਵਦਾ।
ਮੂੰਹ ਨੀਵੇਂ ਅੱਖਾਂ ਮੈਲੀਆਂ।
ਮੋਢੇ ਤੇ ਚੁੱਕੀਆਂ ਥੈਲੀਆਂ।
ਉਹ ਦੋਵੇਂ ਅੰਦਰ ਆਂਵਦੇ।
ਹੱਥ ਜੋੜ ਅਰਜ਼ ਸੁਣਾਂਵਦੇ।
"ਦੁਖੜੇ ਅਨੇਕਾਂ ਝੱਲ ਕੇ।
ਮਿਲਣ ਆਏ ਦੂਰੋਂ ਚੱਲ ਕੇ।
ਸਦਕੇ ਖੁਦਾ ਗੁਫ਼ਾਰ ਦੇ।
ਦਰਸ਼ਨ ਹੋਏ ਸਰਕਾਰ ਦੇ।
ਦੀਦਾਰ ਕਰਕੇ ਸ਼ਾਦ ਹਾਂ।'
ਦੇਂਦੇ ਮੁਬਾਰਕਬਾਦ ਹਾਂ।"
ਏਹ ਬੋਲੀਆਂ ਸੀ ਬੋਲਦੇ।
ਤੇ ਥੈਲੀਆਂ ਸੀ ਖੋਲ੍ਹਦੇ।
ਮੋਹਰਾਂ ਦੀ ਥਾਂ ਸੀ ਠੀਕਰਾਂ।

ਤੇ ਟਿਚਕਰਾਂ ਤੋਹਫੇ ਦੀ ਥਾਂ।
ਮੱਸੇ ਨੇ ਅੱਖਾਂ ਚੱਕੀਆਂ ।
ਤਾਂ ਚਾਰ ਹੋਈਆਂ ਅੱਖੀਆਂ।
ਗੱਲ ਪਲਕ ਅੰਦਰ ਪਾ ਗਿਆ।
ਮੱਸੇ ਦਾ ਦਿਲ ਘਬਰਾ ਗਿਆ।
ਸਿੰਘਾਂ ਨੇ ਖੇਡੇ ਫੰਦ ਚਾ।
ਦਰਵਾਜ਼ੇ ਕੀਤੇ ਬੰਦ ਚਾ।
ਬਾਹਰੋਂ ਨ ਕੋਈ ਆ ਸਕੇ।
ਅੰਦਰੋਂ ਨ ਕੋਈ ਜਾ ਸਕੇ।
ਮੱਸੇ ਦੇ ਜੋ ਸਰਦਾਰ ਸੀ।
ਹੈਰਾਨ ਸੀ ਲਾਚਾਰ ਸੀ।
ਲੜਨੇ ਦਾ ਨ ਮਕਦੂਰ ਸੀ।
ਕੀਤੇ ਨਸ਼ੇ ਨੇ ਚੂਰ ਸੀ।

••••

ਮੈਹਤਾਬ ਖੰਡਾ ਸੂਤਦਾ।
ਚਾਅ ਚੜ੍ਹਿਆ ਖ਼ੂਬ ਸਪੂਤ ਦਾ।
ਖੰਡਾ ਅਜਬ ਖੰਡਾ ਸੀ ਉਹ।
ਇਕ ਅਜ਼ਲ ਦਾ ਝੰਡਾ ਸੀ ਉਹ।
ਜਿਸਨੂੰ ਏਹ ਫਨੀਯਰ ਡੰਗਦਾ।
ਪਾਣੀ ਨਾ ਮੂੰਹੋਂ ਮੰਗਦਾ।
ਵਧ ਵਧ ਕੇ ਆਹੂ ਲ੍ਹਾਂਵਦਾ।
ਵੈਰੀ ਦੇ ਹੋਸ਼ ਭੁਲਾਂਵਦਾ।
ਨਰਕਾਂ ਦਾ ਏਹ ਏਜੰਟ ਸੀ।
ਤੇ ਮੌਤ ਦਾ ਵਾਰੰਟ ਸੀ।
ਤਲਵਾਰ ਸੁੱਖਾ ਸਿੰਘ ਦੀ।
ਕੀ ਸਿਫ਼ਤ ਇਸ ਦੇ ਵਿੰਗ ਦੀ।
ਵਾਂਗਰ ਉਹ ਆਬਰੂ ਹੀਰ ਦੀ।
ਫਿਰਦੀ ਕਲੇਜੇ ਚੀਰਦੀ।

ਮਿਲ ਮਿਲ ਕੇ ਗਲ ਸਭ ਡਿਗਦੇ।
ਖਾ ਖਾ ਕੇ ਵਲ ਸਭ ਡਿਗਦੇ।
ਮੱਸੇ ਦੇ ਜੋ ਸਰਦਾਰ ਸੀ।
ਮਾਰੇ ਗਏ ਵਾਰੋ ਵਾਰ ਸੀ।
ਖੁਲ੍ਹੇ ਹੋਏ ਦੋ ਸ਼ੇਰ ਸੀ।
ਲਾਸ਼ਾਂ ਦੇ ਲੱਗੇ ਢੇਰ ਸੀ।
ਥਾਂ ਥਾਂ ਤੋਂ ਵਗਦੀ ਰੱਤ ਸੀ।
ਮੰਦਰ ਹੋਇਆ ਲਤਪੱਤ ਸੀ।

••••

ਮੱਸੇ ਦੀ ਆਈ ਵਾਰ ਹੁਣ।
ਅਜ਼ਲ ਆਈ ਮਾਰੋ ਮਾਰ ਹੁਣ।
ਰੰਘੜ ਦੀ ਸ਼ਾਮਤ ਆ ਗਈ।
ਸਿਰ ਤੇ ਕਿਆਮਤ ਆ ਗਈ।
ਸਭ ਭੁੱਲੀ ਸੀ ਲੁੱਡੀਆਂ।
ਮੂੰਹ ਤੋਂ ਹਵਾਈਆਂ ਉਡੀਆਂ।
ਸਭ ਯਾਰ ਹੋਏ ਨਾਸ ਸੀ।
ਪਰਛਾਵਾਂ ਵੀ ਨਾ ਪਾਸ ਸੀ।
ਯਾਦ ਆਏ ਸਾਰੇ ਪਾਪ ਹੁਣ।
ਪਾਪਾਂ ਦਾ ਸੀ ਸੰਤਾਪ ਹੁਣ।
ਮਾੜੇ ਕਰਮ ਸਭ ਆਪ ਦੇ।
ਵੈਰੀ ਬਣੇ ਸੀ ਜਾਪਦੇ।
ਦੇਂਦੇ 'ਅਮਲ' ਨਾ ਕੁਸਕਨੇ।
'ਕਰਮਾਂ' ਦੇ ਫਲ ਪਏ ਭੁਗਤਨੇ।
ਭੁਜੇ ਕਦੀ ਫਲਦੇ ਨਹੀਂ।
ਕਰਮਾਂ ਦੇ ਫਲ ਟਲਦੇ ਨਹੀਂ।
ਮੈਹਤਾਬ ਸਿੰਘ ਲਲਕਾਰਦਾ।
ਮੱਸਾ ਸੀ ਚਾਂਗਾਂ ਮਾਰਦਾ।
ਸੀ ਸਿੰਘ ਜੂੰ ਜੂੰ ਬੁੱਕਦਾ।

ਮੱਸੇ ਦਾ ਸਾਹ ਸੀ ਸੁੱਕਦਾ।
ਪਟਿਆਂ ਤੋਂ ਰੰਘੜ ਪਕੜਕੇ।
ਡਰ ਨਾਲ ਉਸ ਨੂੰ ਜਕੜ ਕੇ।
ਮੈਹਤਾਬ ਖਿਚ ਲਿਆਂਵਦਾ।
ਕਰਮਾਂ ਦੇ ਫਲ ਭੁਗਤਾਂਵਦਾ।
ਫੜ ਧੌਣ ਉਸ ਚੰਡਾਲ ਦੀ।
ਭੇਟਾ ਚੜ੍ਹਾਈ ਕਾਲ ਦੀ।
ਸਿਰ ਧੜ ਦੇ ਉੱਤੋਂ ਲਾਹ ਲਿਆ।
ਥੈਲੀ ਦੇ ਅੰਦਰ ਪਾ ਲਿਆ।
ਤਦ ਸ਼ੁਕਰ ਮੂੰਹੋਂ ਬੋਲਦੇ।
ਦੋਵੇਂ ਸੀ ਬੂਹੇ ਖੋਲ੍ਹਦੇ।
ਲੜਦੇ ਲੜਾਂਦੇ ਔਹ ਗਏ।
ਕਟਦੇ ਕਟੌਂਦੇ ਔਹ ਗਏ।

ਸਿੱਖ ਬੱਚੇ ਦੀ ਸ਼ਹੀਦੀ

ਬੰਦਾ ਗਿਆ ਜਦ ਪਕੜਿਆ।
ਜ਼ੰਜੀਰਾਂ ਅੰਦਰ ਜਕੜਿਆ।
ਸੱਤ ਸੌ ਬਹਾਦਰ ਨਾਲ ਸੀ।
ਜ਼ਖਮਾਂ ਦੇ ਨਾਲ ਨਿਢਾਲ ਸੀ।
ਲੂੰ ਲੂੰ ਤੇ ਲੱਗੇ ਫੱਟ ਸੀ।
ਮੱਥੇ ਕਿਸੇ ਨਾ ਵੱਟ ਸੀ।
ਸੀ ਸ਼ੇਰ ਹੁਣ ਬੱਧੇ ਹੋਏ।
ਗੱਡੇ ਕਈ ਲੱਦੇ ਹੋਏ।
ਸਿਰ ਟੁਟ ਆਫਤ ਪਈ ਸੀ।
ਆਕੜ ਮਗਰ ਵਧ ਗਈ ਸੀ।
ਭਾਵੇਂ ਸਰਹਾਣੇ ਖੜੀ ਸੀ।
ਦੇਂਦੇ 'ਅਜ਼ਲ' ਨੂੰ ਤੜੀ ਸੀ।
ਉੱਚਾ ਸਿਰ ਕਰ ਮੁੱਛ ਦਾ ।
ਕੋਈ ਕਦੀ ਸੀ ਪੁਛਦਾ।
"ਕਿਥੇ ਮੁਗਲ ਦਿੱਲੀ ਤੇਰੀ।
ਓਹ ਮੌਤ ਦੀ ਬਿੱਲੀ ਤੇਰੀ।
ਕਿਥੇ ਜੰਬੂਰਾਂ ਚਰਖੀਆਂ।
ਕਿਥੇ ਉਹ ਗਿੱਦੜ ਭੱਬਕੀਆਂ।
ਕਿਥੇ ਓਹ ਲਾਲਚ ਮੋਹਣ ਦੇ।
ਡੋਲੇ ਦੇ 'ਸਿਖੀ' ਖੋਹਣ ਦੇ।"
ਮਰ ਜਾਣ ਨੂੰ ਟਿਚ ਸਮਝਦੇ।
ਜੀਵਨ ਮਰਨ ਵਿਚ ਸਮਝਦੇ।
ਹੱਥਕੜੀਆਂ ਨੂੰ ਛਣਕਾਂਵਦੇ।
ਤੇ ਬੇੜੀਆਂ ਖੜਕਾਂਵਦੇ।

ਇਸ਼ਕੇ ਦੀ ਬਾਜ਼ੀ ਖੇਲਨੇ।
ਜੀਵ ਆਤਮਾ ਨੂੰ ਮੇਲਨੇ।
ਦਿੱਲੀ ਉਹ ਲੈ ਆਏ ਗਏ।
ਬੰਦੀ 'ਚ ਸੁਟਵਾਏ ਗਏ।

••••

ਸੂਰਜ ਦੇ ਨਿਕਲਣ ਸਾਰ ਹੀ।
ਸਿੰਘਾਂ ਦੀ ਸਾਰੀ ਡਾਰ ਹੀ।
ਬਾਹਰ ਲਿਆਈ ਜਾਂਵਦੀ।
ਕੱਠੀ ਬਹਾਈ ਜਾਂਵਦੀ।
ਦਿੱਲੀ ਤਖਤ ਤੇ ਬਾਦਸ਼ਾਹ।
ਫਰਖਸੀਅਰ ਸੀ ਸ਼ੈਹਨਸ਼ਾਹ।
ਹਰ ਰੋਜ਼ ਕੈਂਹਦਾ ਆਣ ਕੇ।
ਭਰਵੱਟਿਆਂ ਨੂੰ ਤਾਣ ਕੇ।
ਛੋੜੇ ਜੋ ਸਿੱਖੀ ਧਰਮ ਨੂੰ।
ਲੜ ਮਰਨ ਵਾਲੇ ਕਰਮ ਨੂੰ।
ਮੂੰਹ ਮੰਗੇ ਉਹ ਇਨਾਮ ਲੈ।
ਘਰ ਜਾਏ ਕੇ ਆਰਾਮ ਲੈ।
ਜ਼ਿਦ ਆਪਣੀ ਜੋ ਕਰੇਗਾ।
ਤਸੀਹੇ ਸੈਹ ਸੈਹ ਮਰੇਗਾ।
ਚਰਖੀ ਚੜ੍ਹਾਇਆ ਜਾਵੇਗਾ।
ਅੰਗ ਅੰਗ ਕਟਾਇਆ ਜਾਏਗਾ।

••••

ਅੱਵਲ ਤੇ ਸਿੰਘ ਨਾ ਬੋਲਦੇ।
ਦਿਲ ਦੀ ਨਾ ਘੁੰਡੀ ਖੋਲ੍ਹਦੇ।

ਪਰ ਕੋਈ ਬਹੁਤ ਸਤਾਨ ਤੇ।
ਲੈ ਔਂਦਾ ਹਰਫ ਜ਼ਬਾਨ ਤੇ।
"ਅਸਲਾ ਬਦਲਾ ਜਾਨਾ ਨਹੀਂ।
ਸਿੰਘਾਂ ਨੇ ਘਾਹ ਖਾਣਾ ਨਹੀਂ।
ਮਾਵਾਂ ਨੇ ਫਿਰ ਜਨਣਾ ਨਹੀਂ।
ਸਿੰਘਾਂ ਕਦੀ ਮੰਨਣਾ ਨਹੀਂ।
ਐਵੇਂ ਪਿਆ ਨਾ ਦੇਰ ਕਰ।
ਜਾ ਤਿਖਿਆਂ ਸ਼ਮਸ਼ੇਰ ਕਰ।"
ਸੋ ਸੌ ਨੂੰ ਡਾਰੋਂ ਕੱਢ ਕੇ।
ਇਕ ਇਕ ਦੇ ਸਿਰ ਨੂੰ ਵੱਢ ਕੇ।
ਚਾ ਨੇਜ਼ਿਆਂ ਤੇ ਲਾਂਵਦੇ।
ਸਾਰਾ ਹੀ ਸ਼ੈਹਰ ਫਿਰਾਂਵਦੇ।
ਲਾਹ ਲਾਹ ਧੜਾਂ ਤੋਂ ਮੁੰਡੀਆਂ।
ਤਲਵਾਰਾਂ ਹੋਈਆਂ ਖੁੰਢੀਆਂ।
ਮਰਨੋਂ ਨਾ ਕੋਈ ਉਕਿਆ।
ਹਫਤੇ ਚ ਜੱਥਾ ਮੁੱਕਿਆ।

••••

ਇਕ ਮੁੰਡਾ ਜੱਥੇ ਨਾਲ ਸੀ।
ਵਰ੍ਹਿਆਂ ਚ ਸੋਲ੍ਹਾਂ ਸਾਲ ਸੀ।
ਲੱਗੇ ਜਾਂ ਉਸ ਨੂੰ ਮਾਰਨੇ।
ਗਰਦਨ ਤੋਂ ਸੀਸ ਉਤਾਰਨੇ।
ਮਾਂ ਮਮਤਾ ਮਾਰੀ ਆ ਗਈ।
ਬਾਵ੍ਹਾਂ ਉਲਾਰੀ ਆ ਗਈ।
ਸਿਰ ਨੂੰ ਖਿਲਾਰੀ ਆ ਗਈ।
ਰੋਂਦੀ ਵਿਚਾਰੀ ਆ ਗਈ।
ਹੱਥ ਜੋੜਦੀ ਕੁਰਲਾਂਵਦੀ।
ਸੀ ਵਾਸਤੇ ਉਹ ਪਾਂਵਦੀ।
"ਆਖੋ ਨਾ ਮਾਰੇ ਬਾਲ ਨੂੰ।
ਛੱਡ ਦੇਵੇ ਮੇਰੇ ਲਾਲ ਨੂੰ।
ਏਹਦਾ ਵਿਆਹ ਮੂੰਹ ਨੂੰ ਆਇਆ ਜੇ।
ਘਰ ਵੇਖੋ ਰੀਣ ਬਹਾਇਆ ਜੇ।
ਮੇਰੇ ਸਹਾਨੇ ਤੱਕਣਾ।
ਹੱਥ ਏਹਦੇ ਗਾਨੇ ਤੱਕਣਾ।
ਏਹ ਪੁਤ ਮੇਰੀ ਜਾਨ ਜੇ।
ਰੰਡੀ ਦੇ ਨੈਣ ਪਰਾਣ ਜੇ।
ਸਿੰਘਾਂ ਨੂੰ ਨਾ ਇਹ ਜਾਣਦਾ।
ਨਾ ਜਾਣਦਾ, ਪਹਿਚਾਣਦਾ।
ਐਵੇਂ ਗਿਆ ਜੇ ਪਕੜਿਆ।
ਵਖ਼ਤਾਂ ਦੇ ਅੰਦਰ ਜਕੜਿਆ।
ਫੁੱਲ ਵਾਂਗ ਮੂੰਹ ਕੁਮਲਾ ਗਿਆ।
ਸੂਲਾਂ ਦੇ ਮੂੰਹ ਜੇ ਆਗਿਆ।"
ਫਰਖ਼ਸੀਅਰ ਤਾਂ ਡੋਲਿਆ।
ਤੇ ਰੈਹਮ ਖਾ ਕੇ ਬੋਲਿਆ।
ਜਾਹ ਪੁੱਤ ਤੇਰਾ ਛੋੜਿਆ।
ਏਹ ਕੈਹ, ਜਲਾਦਾਂ ਮੋੜਿਆ।

••••

ਜਾਂ ਟੀਸੀਓਂ ਮਾਂ ਗਿਰ ਗਈ।
ਪੁਤਰ ਦੇ ਕਾਤੀ ਫਿਰ ਗਈ।
ਗੁਸੇ ਨੂੰ ਖਾ ਕੇ ਭੜਕਿਆ।
ਮੂੰਹ ਲਾਲ ਕਰ ਕੇ ਕੜਕਿਆ।
"ਜੋ ਲਹੂ ਦਏ ਉਹ ਗਾਂ ਨਹੀਂ।
ਜੋ ਦਗਾ ਦਏ ਉਹ ਮਾਂ ਨਹੀਂ।
ਵੈਰੀ ਤੋਂ ਲੈ ਕੇ ਦਾਨ ਨੂੰ।
ਵੱਟਾ ਈ ਲਾਇਆ ਆਨ ਨੂੰ।
ਮਾਂ ਮੇਰੀ ਜਾਪੇਂ ਸ਼ਕਲ ਤੋਂ।
ਪਰ ਨਕਲ ਦਿਸੇ ਅਕਲ ਤੋਂ।

ਮੇਰੀ ਤੇ ਮਾਂ ਸੀ ਸ਼ੇਰਨੀ।
ਅਣਖੀਲੀ ਅਤੇ ਦਲੇਰਨੀ।
ਮਮਤਾ ਦਾ ਚੂੜਾ ਭੰਨ ਕੇ।
ਪੁਤਰ ਨੂੰ ਗਾਨੇ ਬੰਨ੍ਹ ਕੇ।
ਸ਼ਗਨਾਂ ਦਾ ਸਾਲੂ ਓੜ ਕੇ।
ਹੱਥ ਸ਼ੁਕਰ ਅੰਦਰ ਜੋੜ ਕੇ।
ਉਪਦੇਸ਼ ਕਰਕੇ ਯੁੱਧ ਦਾ।
ਪੀਤਾ ਕਟੋਰਾ ਦੁੱਧ ਦਾ।
ਦਿਲ ਰਤਾ ਵੀ ਨਾ ਝੋਰਿਆ।
ਹਸਦੀ ਨੇ ਮੈਨੂੰ ਤੋਰਿਆ।
ਹੁਣ ਛੋੜ ਹਥੋਂ ਵੀਰ ਨੂੰ।
ਆਈ ਏਂ ਮੋੜਨ ਬੀਰ ਨੂੰ।
ਬਿਲਕੁਲ ਤੂੰ ਮੇਰੀ ਮਾਂ ਨਹੀਂ।
ਤੂੰ ਮੇਰੀ ਠੰਡੀ ਛਾਂ ਨਹੀਂ।
ਕਲਯੁਗ ਨੇ ਮਾਯਾ ਪਾਈ ਏ।
ਇਹ ਮਾਯਾ ਛਲਣ ਆਈ ਏ।
ਮੈਂ ਕਸਮ ਖਾਨਾ ਸਿੰਘ ਹਾਂ।
ਜੱਦੀ ਪੁਰਾਣਾ ਸਿੰਘ ਹਾਂ।
ਜੀ ਜਾਮਾ ਮੇਰਾ ਸਿੰਘ ਹੈ।
ਚਾਚਾ ਤੇ ਮਾਮਾ ਸਿੰਘ ਹੈ।
ਮੇਰਾ ਪਿਤਾ ਸਰਦਾਰ ਸੀ।
ਸਿੰਘਾਂ ਦਾ ਜੱਥੇਦਾਰ ਸੀ।
ਮੁਛਾਂ ਤੇ ਦੇਂਦਾ ਤਾਓ ਜਾ।
ਝੁਕ ਜਾਂਦੇ ਖਾਨ ਉਮਰਾਓ ਤਾਂ।
ਸੀ ਤੇਗ ਨੂੰ ਜਾਂ ਚੁਕਦਾ।
ਸਾਹ ਗਾਜ਼ੀਆਂ ਦਾ ਸੁੱਕਦਾ।
ਜਦ ਵੈਰੀਆਂ ਨੂੰ ਝੰਬਦਾ।
ਸੀ ਫਲਕ ਥਰ ਥਰ ਕੰਬਦਾ।
ਕਰਦਾ ਮੁਗਲ ਬਰਬਾਦ ਸੀ।
ਏਹੋ ਸ਼ੁਗਲ ਉਸ ਯਾਦ ਸੀ।
ਜਾਂ ਅੰਤ ਉਸਦਾ ਆਂਵਦਾ।
ਸੂਰਾ ਸੀ ਸ਼ੁਕਰ ਮਨਾਂਵਦਾ।
ਰਣ ਘੋਰ ਅੰਦਰ ਡੱਟਿਆ।
ਹੋ ਪੁਰਜ਼ੇ ਪੁਰਜ਼ੇ ਕੱਟਿਆ।
ਡਿਗੇ ਦਾ ਵੀ ਇਹ ਹਾਲ ਸੀ।
ਤਲੀਆਂ ਨੂੰ ਝਸਦਾ ਕਾਲ ਸੀ।
ਮੈਂ ਉਸ ਦੀ ਸੰਤਾਨ ਹਾਂ।
ਆਇਆ ਸ਼ਹੀਦੀ ਪਾਣ ਹਾਂ।
ਨਿੱਕਾ ਜਿਹਾ ਨਾ ਜਾਨਣਾ।
ਕੁਲ ਮੇਰੀ ਨੂੰ ਪਹਿਚਾਨਣਾ।
ਬੇਰੀ ਨੂੰ ਲਗਦੇ ਬੇਰ ਨੇ।
ਸ਼ੇਰਾਂ ਦੇ ਜੰਮਦੇ ਸ਼ੇਰ ਨੇ।
ਸਿੰਘ ਹਾਂ ਨ ਮੌਤੋਂ ਡਰਾਂਗਾ।
ਸਿੰਘਾਂ ਦੀ ਮੌਤੇ ਮਰਾਂਗਾ।
ਜਾਂ ਐਸੇ ਸੁਖਨ ਉਚਾਰਿਆ।
ਹਸਦਾ ਗਿਆ ਉਹ ਮਾਰਿਆ।
ਫਰਖ਼ਸੀਅਰ ਹੈਰਾਨ ਸੀ।
ਸੋਚਾਂ ਦੇ ਵਿਚ ਗਲਤਾਨ ਸੀ।
ਸਿਰ ਉਡਦਾ ਡਿੱਠਾ ਬਾਜ਼ ਉਸ।
ਆਈ ਦਿਲੋਂ ਆਵਾਜ਼ ਉਸ।
"ਇਸ ਕੌਮ ਨੇ ਮਰਨਾ ਨਹੀਂ।
ਤੂੰ ਸੁਖ ਦਾ ਸਾਹ ਭਰਨਾ ਨਹੀਂ।"

ਬੰਦੇ ਬਹਾਦਰ ਦੇ ਆਖਰੀ ਦਿਨ

ਮੁਗਲਾਂ ਨੇ ਸਮਝਿਆ ਸੀ ਸਦਾ ਰਾਜ ਰਹੇਗਾ।
ਦੁਨੀਆਂ ਫਨਾਹ ਤੇ ਕੈਮ ਤਖਤ ਤਾਜ ਰਹੇਗਾ।
ਕਾਫ਼ਰ ਤੇ ਜ਼ੁਲਮ ਕਰਨ ਦਾ ਰਵਾਜ ਰਹੇਗਾ।
ਪਾਪਾਂ ਨੂੰ ਲੁਕਾਂਦਾ ਸ਼ਰ੍ਹਾ ਦਾ ਪਾਜ ਰਹੇਗਾ।
ਪਰਜਾ ਦਾ ਲਹੂ ਡੋਲ੍ਹ ਸਮਝਦੇ ਸਵਾਬ ਸੀ।
ਅੱਲਾ ਨੂੰ ਕਾਠ ਮਾਰਿਆ ਅੰਦਰ ਕਿਤਾਬ ਸੀ।

••••

ਤਲਵਾਰ ਨਾਲ ਦੀਨ ਫੈਲਾਣਾ ਸੀ ਚਾਂਹਵਦੇ।
ਧਮਕੀ ਦੇ ਨਾਲ ਕਲਮਾ ਪੜ੍ਹਾਣਾ ਸੀ ਚਾਂਹਵਦੇ।
ਮੰਦਰ ਨੂੰ ਢਾਹ ਮਸੀਤ ਬਨਾਣਾ ਸੀ ਚਾਂਹਵਦੇ।
ਹਿੰਦੂ ਦਾ ਖੁਰਾ ਖੋਜ ਮਿਟਾਣਾ ਸੀ ਚਾਂਹਵਦੇ।
ਏਹ ਨਾ ਪਤਾ ਸੀ ਰੱਬ ਜੋ ਮੋਮਨ ਦਾ ਪਿਆਰਾ।
ਕਾਫਰ ਗਰੀਬ ਦਾ ਵੀ ਏ ਰਾਖਾ ਤੇ ਸਹਾਰਾ।

••••

ਮੁਗਲਾਂ ਦਾ ਜਿਨ੍ਹਾਂ ਯੋਧਿਆ ਹੰਕਾਰ ਤੋੜਿਆ।
ਪਾਪਾਂ ਦੇ ਰਾਜ ਦੇ ਜਿਨ੍ਹਾਂ ਬੇੜੇ ਨੂੰ ਰੋੜ੍ਹਿਆ।
ਸੈਹ ਜ਼ੁਲਮ, ਜ਼ੁਲਮ ਦਾ ਜਿਨ੍ਹਾਂ ਨੇ ਮੂੰਹ ਮੋੜਿਆ।
ਰੱਸੀ ਦੇ ਵਾਂਗ ਸੜ ਗਏ ਪਰ ਵਲ ਨਾ ਛੋੜਿਆ।
ਓਹਨਾ ਚੋਂ ਇਕ ਬੀਰ ਦਾ ਸਾਕਾ ਸੁਨਾਵਨਾਂ।
ਮੁਰਦੇ ਦਿਲਾਂ ਚੋਂ ਜ਼ਿੰਦਗੀ ਦੀ ਰੂਹ ਪਾਵਨਾਂ।

••••

ਬੰਦੇ ਨੂੰ ਪਾ ਕੇ ਪਿੰਜਰੇ ਦਿੱਲੀ ਜਾਂ ਲਿਆਏ।
ਜੱਥੇ ਸਮੇਤ ਕਰ ਕੇ ਕੈਦ ਪੈਹਰੇ ਲਗਾਏ।
ਹੱਥੀਂ ਤੇ ਪੈਰੀਂ ਲੋਹੇ ਦੇ ਜ਼ੰਜੀਰ ਸੀ ਪਾਏ।

ਫਿਰ ਵੀ ਨਾ ਨੇੜੇ ਸ਼ੇਰ ਦੇ ਡਰਦਾ ਕੋਈ ਜਾਏ।
ਮਸ਼ਹੂਰ ਸੀ ਏਹ ਕ੍ਹੀਲਦਾ ਏ ਨਜ਼ਰ ਮਿਲਾ ਕੇ।
ਦੂਰੋਂ ਹੀ ਵੇਖਦੇ ਸੀ ਲੋਕ ਅੱਖ ਚੁਰਾ ਕੇ।

••••

ਕੈਂਹਦੇ ਸੀ ਨਾਲ ਸੈਨਤਾਂ ਏਹ ਸ਼ੇਰ ਓਹੀ ਏ।
ਸਰਹੰਦ ਢਾਹ ਕੇ ਕੀਤੀ ਜਿਨੇ ਢੇਰ ਓਹੀ ਏ।
ਸ਼ਾਹਾਂ ਨੂੰ ਪਾਏ ਵਖ਼ਤ ਏਹ ਦਲੇਰ ਓਹੀ ਏ।
ਦਿਨ ਦੀਵੀਂ ਜਿਨ੍ਹੇ ਚੁਕਿਆ ਹਨ੍ਹੇਰ ਓਹੀ ਏ।
ਏਹਦੇ ਪਵਾੜੇ ਮੁਗਲਾਂ ਦੇ ਘਰ ਘਰ 'ਚ ਪਏ ਨੇ।
ਏਹ ਓਹੀ ਏ ਬਦਲੇ ਜਿਨ੍ਹੇਂ ਗਿਣ ਗਿਣ ਕੇ ਲਏ ਨੇ।

••••

ਬੰਦੇ ਨੇ ਜਦੋਂ ਤਾੜਿਆ ਸਿਰ ਆ ਕੇ ਬਣੀਂ ਏਂ।
ਸੀਨੇ 'ਚ ਜੋਸ਼ ਮਾਰਦੀ ਗੈਰਤ ਦੀ ਕਣੀ ਏਂ।
ਸਿੱਖੀ ਸ਼ਮ੍ਹਾਂ ਤੇ ਸੜ ਮਰਨ ਦੀ ਖਿੱਚ ਤਣੀ ਏਂ।
ਮਰ ਕੇ ਸ਼ਹੀਦ ਹੋਣ ਦੀ ਸੂਰੇ ਨੇ ਠਣੀ ਏਂ।
ਏਹੋ ਸੀ ਸਿੱਕ ਆਖਰੀ ਯੋਧੇ ਮਹਾਨ ਦੀ।
'ਸ਼ੇਰਾਂ ਨੂੰ ਆਵੇ ਮੌਤ ਤੇ ਸ਼ੇਰਾਂ ਦੀ ਸ਼ਾਨ ਦੀ।

••••

ਓਧਰ ਵੀ ਡੰਡ ਦੇਣ ਦੀ ਡਾਹਢੀ ਸੀ ਤਿਆਰੀ।
ਮੁਗਲਾਂ ਦੀ ਰੋਜ਼ ਲਗਦੀ ਮੈਹਫਲ ਬੜੀ ਭਾਰੀ।
ਕੇਹੜੀ ਸਜ਼ਾ ਸਜ਼ਾਵਾਂ ਵਿਚੋਂ ਕਾਰੀ ਕਰਾਰੀ।
ਬੰਦੇ ਨੂੰ ਜੋ ਬਨ੍ਹਾਏ ਬੰਦਾ, ਸੋਚ ਸੀ ਸਾਰੀ।
ਫਤਵੇ ਲਗਾਣ ਦੂਰੋਂ ਦੂਰੋਂ ਆਏ ਸੀ ਆਲਮ।
ਬੇਰੈਹਮੀ ਕਰਨ ਚੋਣਵੇਂ ਮੰਗਵਾਏ ਸੀ ਜ਼ਾਲਮ।

••••

ਫੌਲਾਦ ਬਣੇ ਪਾਰਾ, ਸ਼ੈਦ ਖੌਫ 'ਚ ਆ ਕੇ।
ਪੱਥਰ ਬਣੇ ਚਾ ਮੋਮ,, ਸ਼ੈਦ ਸੇਕ ਨੂੰ ਖਾ ਕੇ।
ਜੱਥੇ ਨੂੰ ਕਤਲ ਕਰਦੇ ਸੀ ਬੰਦੇ ਨੂੰ ਬਹਾ ਕੇ।
ਬੇਰੈਹਮੀਆਂ ਕਰਦੇ ਸੀ ਖ਼ੂਬ ਖ਼ੂਬ ਦਿਖਾ ਕੇ।
ਡਰਨਾਂ ਤੇ ਕੀ ਸੀ ਸੂਰਮੇ ਅੱਖਾਂ ਨ ਝਮਕੀਆਂ।

ਕੀ ਜਾਣਦੇ ਗੁਰੂ ਦੇ ਸਿੰਘ ਮੌਤ ਧਮਕੀਆਂ।

••••

ਬੰਦੇ ਦਾ ਸੀਗਾ ਇਕ ਸੂਰਬੀਰ ਦੁਲਾਰਾ।
ਓਹਨੂੰ ਲਿਆ ਕੇ ਕੀਤਾ ਸਿਤਮਗਰਾਂ ਏਹ ਕਾਰਾ।
ਜਿਊਂਦੇ ਦਾ ਢਾਹ ਕੇ ਸੀਨਾਂ ਪਾੜ ਸੁਟਿਆ ਸਾਰਾ।
ਦਿਲ ਕਢ ਓਹਦਾ ਦਸਦੇ ਦੁਨੀਆਂ ਨੂੰ ਨਜ਼ਾਰਾ।
ਫਿਰ ਓਸੇ ਦਿਲ ਨੂੰ ਬੰਦੇ ਦੀ ਛਾਤੀ ਤੇ ਰਖਿਆ।
ਖੂਬ ਇਸ਼ਕ ਦਾ ਸਵਾਦ ਸੂਰਾ ਆਖੇ ਚੱਖਿਆ।

••••

ਜ਼ਾਬਰਾਂ ਦਾ ਸਾਬਰਾਂ ਨਾ ਰੌਅਬ ਮੰਨਿਆ।
ਗੁਸੇ ਤੇ ਸ਼ਰਮ ਕਾਇਰਾਂ ਨੂੰ ਕੀਤਾ ਅੰਨ੍ਹਿਆ।
ਹਾਥੀ ਦੇ ਪੈਰ ਨਾਲ ਸੂਰਮੇ ਨੂੰ ਬੰਨ੍ਹਿਆਂ।
ਸਾਰਾ ਫ਼ਿਰਾ ਕੇ ਸ਼ੈਹਰ ਅੰਗ ਅੰਗ ਭੰਨ੍ਹਿਆਂ।
ਭਾਵੇਂ ਸਰੀਰ ਹੋ ਗਿਆ ਲਹੂ-ਓ-ਲੁਹਾਨ ਸੀ।
ਮੂੰਹ ਤੇ ਨਾ ਸੂਰਮੇ ਦੇ ਖੌਫ ਦਾ ਨਿਸ਼ਾਨ ਸੀ।

••••

ਹਾਥੀ ਨੂੰ ਡੋਬ ਪੈਂਦੇ ਸੀ ਬੰਦੇ ਨੂੰ ਦੇਖ ਕੇ।
ਉਡਦੇ ਜਨੌਰ ਢੈਂਦੇ ਸੀ ਬੰਦੇ ਨੂੰ ਦੇਖ ਕੇ।
ਪੱਥਰ ਦੇ ਨੀਰ ਵੈਂਹਦੇ ਸੀ ਬੰਦੇ ਨੂੰ ਦੇਖ ਕੇ।
ਦਿੱਲੀ ਦੇ ਬੰਦੇ ਕੈਂਹਦੇ ਸੀ ਬੰਦੇ ਨੂੰ ਦੇਖ ਕੇ।
"ਤੋਬਾ ਪਨਾਹ ਖੁਦਾ ਏਹ ਕੋਈ ਆਦਮੀ ਨਹੀਂ।
ਹੈ ਜਿਸਮ ਤੋਂ ਜੁਦਾ ਏਹ ਕੋਈ ਆਦਮੀ ਨਹੀਂ।"

••••

ਆਖ਼ਰ ਨੂੰ ਸਿਰ ਤੇ ਆਯਾ ਇਮਤਿਹਾਨ ਆਖਰੀ।
ਆਖ਼ਰ ਮਚਾਈ ਜ਼ਾਲਮਾਂ ਨੇ ਆਣ ਆਖਰੀ।
ਯੋਧਾ ਨਿਵਾਨ ਲਈ ਲਾਨ ਤਾਨ ਆਖਰੀ।
ਬੰਦਾ ਦਿਖਾਵੇ ਬੀਰਤਾ ਦੀ ਸ਼ਾਨ ਆਖਰੀ।
ਲੈਂਹਦਾ ਸਰੀਰੋਂ ਮਾਸ ਜੰਬੂਰਾਂ ਦੇ ਨਾਲ ਸੀ।

ਖਿੜ ਖਿੜ ਕੇ ਅਗੋਂ ਹੱਸਦਾ ਗੁਰੂ ਦਾ ਲਾਲ ਸੀ।

••••

ਸਿਰ ਨੀਵਾਂ ਪਾ ਕੇ ਦਿੱਲੀ ਦਾ ਸੁਲਤਾਨ ਖੜਾ ਸੀ।
ਦੰਦਾਂ 'ਚ ਜੀਭ ਦੇ ਕੇ ਸਭ ਜਹਾਨ ਖੜਾ ਸੀ।
ਥਰ ਥਰ ਪਿਆ ਕੰਬੇ ਜ਼ਿਮੀਂ ਅਸਮਾਨ ਖੜਾ ਸੀ।
ਐਪਰ ਅਡੋਲ ਖਾਲਸੇ ਦਾ ਮਾਣ ਖੜਾ ਸੀ।
ਫਰੁਖ਼ਸੀਅਰ ਨੇ ਸ਼ਾਹੀ ਦਾ ਅਭਿਮਾਨ ਛੋੜ ਕੇ।
ਅਗੇ ਹੋ ਕਿਹਾ ਕੰਬਦੇ ਹੱਥਾਂ ਨੂੰ ਜੋੜ ਕੇ।

••••

"ਇਨਸਾਨ ਨੇ ਜੋ ਵਾਹ ਲਗਾਣੀ ਸੀ ਲਾ ਲਈ।
ਬਦਲੇ ਦੀ ਹਿਰਸ ਸੀ ਜੋ ਮਿਟਾਣੀ ਮਿਟਾ ਲਈ।
ਧਮਕੀ ਜੋ ਮੌਤ ਦੀ ਸੀ ਦਿਖਾਣੀ ਦਿਖਾ ਲਈ।
ਰੂਹ ਨੇ ਫਤੇ ਜੋ ਆਖਰੀ ਪਾਣੀ ਸੀ ਪਾ ਲਈ।
ਜੋ ਕੰਨਾਂ ਨੇ ਸੁਣਿਆਂ ਸੀ ਸੋ ਅੱਖਾਂ ਨੇ ਦੇਖਿਆ।
ਐ ਬੀਰ ਤੇਰੀ ਸ਼ਾਨ ਨੂੰ ਲੱਖਾਂ ਨੇ ਦੇਖਿਆ।"

••••

ਸੀਨੇ 'ਚ ਪੈਦਾ ਕੀਤਾ ਜਦੋਂ ਚਾਹ ਚਾਹ ਨੂੰ।
ਅੱਖਾਂ ਨੂੰ ਖੋਲ੍ਹ ਵੇਖਿਆ ਬੰਦੇ ਨੇ ਸ਼ਾਹ ਨੂੰ।
ਲੀਤੇ ਸੂ ਰੋਕ ਦਮ ਲਈ ਅੰਤਮ ਦੇ ਸਾਹ ਨੂੰ।
ਲੈ ਕੇ ਕਿਹੋ ਸੂ ਦਰਦ ਭਰੀ ਸਰਦ ਆਹ ਨੂੰ।
'ਬੰਦਾ' ਨਾ ਬੰਦੇ ਤੋਂ ਕਦੀ ਸੀ ਪਕੜਿਆ ਜਾਣਾ।
ਆਪਸ ਦੀ ਫੁੱਟ ਕਰਕੇ ਹੈ ਏਹ ਵਰਤਿਆ ਭਾਣਾ।

••••

ਸੁੱਟੇ ਅਮੀਰ ਜਿਸ ਤਰ੍ਹਾਂ ਬੇਕਾਰ ਲੀਰ ਨੂੰ।
ਤੋੜੇ ਅਸੀਰ ਜਿਸ ਤਰ੍ਹਾਂ ਅਪਣੇ ਜ਼ੰਜੀਰ ਨੂੰ।
ਮੁਰਗਾਬੀ ਸੁੱਕੀ ਰੈਹ ਕੇ ਜਿਵੇਂ ਛਡੇ ਨੀਰ ਨੂੰ।
ਬੰਦੇ ਤ੍ਰਿਵੇਂ ਤਿਆਗਿਆ ਫ਼ਾਨੀ ਸਰੀਰ ਨੂੰ।
ਧਰਿਆ ਜਿਨ੍ਹਾਂ ਦੇ ਸਿਰ ਤੇ ਹੱਥ ਕਾਮਲਾਂ ਪੀਰਾਂ।
ਜੰਮਣ ਤੇ ਮਰਨ ਜਾਣਦੇ ਪਾਣੀ ਤੇ ਲਕੀਰਾਂ।

ਬਚਿੱਤ੍ਰ ਸਿੰਘ

ਮੁਗਲਾਂ ਨੂੰ ਡਾਹਢਾ ਮਾਣ ਸੀ।
ਲਸ਼ਕਰ ਬੜਾ ਬਲਵਾਨ ਸੀ।
ਸਿਲ ਆਏ ਤੁਰਕ ਪਠਾਨ ਸੀ।
ਇਕ ਨਾਲੋਂ ਇਕ ਜਵਾਨ ਸੀ।
ਖਾ ਖਾ ਕੇ ਸ਼ਾਹੀ ਚੂਰਮੇ।
ਫਿੱਟੇ ਸੀ ਮੁਸਲਿਮ ਸੂਰਮੇ।
ਬੇਅੰਤ ਗਾਜ਼ੀ ਨਾਲ ਸੀ।
ਹਾਥੀ ਤੇ ਤਾਜ਼ੀ ਨਾਲ ਸੀ।
ਸਭ ਜੰਗ ਦੇ ਹਥਿਆਰ ਸੀ।
ਹਰ ਢੰਗ ਦੇ ਹਥਿਆਰ ਸੀ।
ਇਕ ਹੋਰ ਵੱਡੀ ਗੱਲ ਸੀ।
ਹਿੰਦੂ ਵੀ ਮੁਗਲਾਂ ਵਲ ਸੀ।
ਰਾਜੇ ਜੋ ਬਾਈ ਧਾਰ ਦੇ।
ਆਏ ਸੀ ਬੜ੍ਹਕਾਂ ਮਾਰਦੇ।
ਕੈਂਹਦੇ "ਗੁਰੂ ਨਾ ਛੱਡਣਾ।
ਫਾਹਾ ਹੈ ਇਸ ਦਾ ਵੱਢਣਾ।
ਇਸ ਉਲਟੀ ਰੀਤ ਚਲਾਈ ਏ।
ਸਭ ਜਾਤ ਪਾਤ ਮਿਟਾਈ ਏ।
ਸਭ ਧਰਮ ਕੀਤਾ ਭਰਿਸ਼ਟ ਸੂ।
ਸਭ ਕਰਮ ਕੀਤਾ ਭਰਿਸ਼ਟ ਸੂ।
ਨੀਚਾਂ ਨੂੰ ਗੱਲ ਹੈ ਲਾਂਵਦਾ।
ਊਚਾਂ ਨੂੰ ਸੱਲ ਹੈ ਲਾਂਵਦਾ।
ਮਾੜੇ ਨੂੰ ਹੈ ਸਤਕਾਰਦਾ।
ਡਾਹਢੇ ਨੂੰ ਹੈ ਲਲਕਾਰਦਾ।
ਜ਼ਿੰਦਾ ਨਹੀਂ ਹੁਣ ਜਾਏਗਾ।
ਕੀਤੀ ਦਾ ਬਦਲਾ ਪਾਏਗਾ।"
ਮਿਲ ਜੁਲ ਕੇ ਲਸ਼ਕਰਾਂ।
ਫੁਲ ਫੁਲ ਕੇ ਦੋਹਾਂ ਲਸ਼ਕਰਾਂ।
ਆਨੰਦਪੁਰ ਨੂੰ ਘੇਰਿਆ।
ਦਸ਼ਮੇਸ਼ ਗੁਰ ਨੂੰ ਘੇਰਿਆ।
ਅਗੇ ਵੀ ਯੋਧੇ ਬੜੇ ਸੀ।
ਵੰਗਾਂ ਨਹੀਂ ਹੱਥ ਕੜੇ ਸੀ।
ਵੈਰੀ ਨੂੰ ਵੇਖ ਅਕਾਲੀਆਂ।
ਮੂੰਹਾਂ ਤੇ ਚੜ੍ਹੀਆਂ ਲਾਲੀਆਂ।
ਸੀਨੇ 'ਚ ਦਿਲ ਸੀ ਭੁੜਕਦੇ।
ਲੜਨੇ ਨੂੰ ਡੌਲੇ ਫੁੜਕਦੇ।
ਕਿਰਪਾਨ ਕੱਟਣ ਦੇ ਲਈ।
ਤੜਫੇ ਮਿਆਨ ਅੰਦਰ ਪਈ।
ਤਰਕਸ਼ ਦੇ ਅੰਦਰ ਤੀਰ ਜੋ।
ਟੱਪਣ ਪਏ ਬ-ਧੀਰ ਹੋ।
ਬੈਠੇ ਕਿਲ੍ਹੇ ਵਿਚ ਡੱਟ ਕੇ।
ਆਵੇ ਜੋ, ਸੁਟਣ ਕੱਟ ਕੇ।
ਬਾਹਰੋਂ ਜੋ ਕਰਦੇ ਵਾਰ ਸੀ।
ਖਾਂਦੇ ਉਹ ਮੂੰਹ ਦੀ ਮਾਰ ਸੀ।
ਚੜ੍ਹਦੇ ਜੋ ਲਾ ਕੇ ਪੌੜੀਆਂ।
ਢੰਦੇ ਲੁਹਾ ਕੇ ਧੌੜੀਆਂ ?

ਚੜ੍ਹਦੇ ਕਮੰਦਾਂ ਨਾਲ ਜੋ।
ਸੀ ਝੋਪ ਲੈਂਦਾ ਕਾਲ ਸੋ।
ਸਿੰਘਾਂ ਦਾ ਕੁਝ ਨਾ ਵਿਗੜਦਾ।
ਉਚੀ ਜਗ੍ਹਾ ਸੀਗਾ ਕਿਲਾ।
ਪੱਥਰ ਨੂੰ ਉਤੋਂ ਮਾਰਦੇ।
ਗੋਲੇ ਦਾ ਕੰਮ ਸੀ ਸਾਰਦੇ।
ਲਮ ਲੋੜ ਪਿਆ ਮੁਹਾਸਰਾ।
ਹੋਏ ਮੁਗਲ ਬੇ-ਆਸਰਾ।
ਮਾਰੇ ਗਏ ਕਈ ਖਾਨ ਸੀ।
ਫਿੱਕੀ ਪਈ ਸਭ ਸ਼ਾਨ ਸੀ।
ਰਾਜੇ ਪਹਾੜੀ ਦੰਗ ਸੀ।
ਮੂੰਹਾਂ ਤੋਂ ਉਡੇ ਰੰਗ ਸੀ।
ਆਖਰ ਏਹ ਹੋਇਆ ਫੈਸਲਾ।
ਸਭਨਾਂ ਦੀ ਏਹ ਨੈਰੀ ਸਲ੍ਹਾ।
ਇਕ ਹਾਥੀ ਮਸਤ ਕਰਾਵੀਏ।
ਦਰ ਕਿਲੇ ਦਾ ਤੁੜਵਾਵੀਏ।
ਓਹ ਹਾਥੀ ਮੰਗਵਾਇਆ ਗਿਆ।
ਬਦਮਸਤ ਕਰਵਾਇਆ ਗਿਆ।
ਜੋਹੜਾ ਬੜਾ ਮਸ਼ਹੂਰ ਸੀ।
ਮਸ਼ਹੂਰ ਨੇੜੇ ਦੂਰ ਸੀ।
ਤੋੜੇ ਕਈ ਜਿਸ ਨੇ ਕਿਲ੍ਹੇ।
ਖੱਟੇ ਕਈ ਜਿਸ ਨੇ ਸਿਲੇ।
ਮੱਥੇ ਤੇ ਬਧੀ ਢਾਲ ਸੀ।
ਖੂਨੀ ਦੀ ਖੂਨੀ ਚਾਲ ਸੀ।
ਲੋਹੇ ਦਾ ਪੰਜਾ ਸੁੰਡ ਸੀ।
ਜਮ ਦਾ ਸ਼ਿਕੰਜਾ ਸੁੰਡ ਸੀ।
ਪਰਬਤ ਨੂੰ ਲਗੇ ਪੈਰ ਸੀ।
ਪਰ ਲਾ ਕੇ ਉੱਡੀ ਖੈਰ ਸੀ।

ਗਜਦਾ ਤੇ ਚੀਕਾਂ ਮਾਰਦਾ।
ਚੰਘਯਾੜਦਾ ਫੁੰਕਾਰਦਾ।
ਪੈਰਾਂ 'ਚ ਬੰਦੇ ਰੋਲਦਾ।
ਕੀੜੇ ਦੇ ਵਾਂਗ ਮਧੋਲਦਾ।
ਰੁੱਖਾਂ ਨੂੰ ਜੜ੍ਹ ਤੋਂ ਪੁੱਟਦਾ।
ਪੁਟ ਪੁਟ ਕੇ ਸਰੂਆਂ ਸੁਟੱਦਾ।
ਮੱਸਤੀ ਦੇ ਅੰਦਰ ਆਏ ਕੇ।
ਵਧਿਆ ਕਿਲ੍ਹੇ ਨੂੰ ਧਾਏ ਕੇ।
ਹਾਥੀ ਨੂੰ ਦੂਰੋਂ ਔਂਦਿਆਂ।
ਰੌਲਾ ਤੇ ਘੌਰੂ ਪੌਂਦਿਆਂ।
ਜਾਂ ਸਤਿਗੁਰਾਂ ਨੇ ਵੇਖਿਆ।
ਤਾਂ ਮੁਸਕਰਾ ਕੇ ਇਹ ਕਿਹਾ।
"ਇਸ ਨਾਲ ਕੇਹੜਾ ਲੜ੍ਹੇਗਾ।
ਮਥੇ 'ਚ ਬਰਛਾ ਜੜ੍ਹੇਗਾ।"
ਇਹ ਬਚਨ ਸੁਣ ਸਰਦਾਰ ਦੇ।
ਯੋਧੇ ਕਈ ਲਲਕਾਰਦੇ।
ਆਖਣ ਹੁਕਮ ਜੇ ਪਾਵੀਏ।
ਹਾਥੀ ਨੂੰ ਮਾਰ ਮੁਕਾਵੀਏ।
ਪਰ ਕੰਮ ਏਹ ਦੁਸ਼ਵਾਰ ਸੀ।
ਸੋਚੀਂ ਪਈ ਏਹ ਸਰਕਾਰ ਸੀ।
ਹਾਥੀ ਬੜਾ ਸ਼ਾਹ ਜ਼ੋਰ ਸੀ।
ਮਦ-ਮਸਤ ਵਿਗੜੇ ਤੌਰ ਸੀ।
ਬੰਦੇ ਦਾ ਲੜਨਾ ਕਠਨ ਸੀ।
ਇਸ ਨਾਲ ਅੜਨਾ ਕਠਨ ਸੀ।

••••

ਸਤਿਗੁਰ ਚੁਤਰਫੀਂ ਆਪ ਦੇ।
ਨਜ਼ਰਾਂ 'ਚ ਸਭ ਨੂੰ ਨਾਪ ਦੇ।
ਵਰਯਾਮ ਯੋਧੇ ਬੜੇ ਸੀ।

ਸਭ ਹੱਥ ਬੰਨ੍ਹੀਂ ਖੜੇ ਸੀ।
ਆਖਣ ਦੀ ਦੇਰ ਇਕ ਵਾਰ ਸੀ।
ਸਭ ਮਰਨ ਨੂੰ ਤੱਯਾਰ ਸੀ।
ਪਰ ਫਿਰ ਵੀ ਸਭ ਵਿਚ ਕਸਰ ਸੀ।
"ਹੌਮੈਂ" ਦਾ ਸਭ ਤੇ ਅਸਰ ਸੀ।
ਸਮਝੇ ਕੋਈ ਮੈਂ ਸੂਰਮਾ।
ਰਣਭੂਮੀਆਂ ਦਾ ਚੰਦਰਮਾਂ।
ਸਭ ਤਾਰੇ ਮੇਰੇ ਸਾਹਮਣੇ।
ਸਭ ਹਾਰੇ ਮੇਰੇ ਸਾਹਮਣੇ।
ਸਮਝੇ ਕੋਈ ਮੈਂ ਬਲੀ ਹਾਂ।
ਸਿਰ ਰੱਖ ਫਿਰਦਾ ਤਲੀ ਹਾਂ।
ਕਿਨ ਕਰਨੀ ਮੇਰੀ ਰੀਸ ਏ।
ਗੁਰ ਭੇਟਾ ਕੀਤਾ ਸੀਸ ਏ।
ਸੋਚਣ ਕਈ ਧੰਨ ਭਾਗ ਏ।
ਘਰ ਬਾਰ ਦਿਤਾ ਤਿਆਗ ਏ।
ਹੁਣ ਧਰਮ ਦਾ ਯੁਧ ਕਰਾਂਗੇ।
ਦੇਸ਼ ਆਪਣੇ ਲਈ ਮਰਾਂਗੇ।
ਸਮਝੇ ਕੋਈ ਗੁਰੂ ਅੰਸ ਹਾਂ।
ਮੈਂ ਸੋਢ ਬੰਸੀ ਹੰਸ ਹਾਂ।
ਕਈਆਂ ਨੂੰ ਨੇੜੇ ਰਹਿਣ ਦਾ।
ਕਈਆਂ ਨੂੰ ਨੇੜੇ ਬਹਿਣ ਦਾ।
ਕਈਆਂ ਨੂੰ ਧਰਮ ਬਚਾਣ ਦਾ।
ਕਈਆਂ ਨੂੰ ਜਾਨ ਘੁਮਾਣ ਦਾ।
ਕਈਆਂ ਨੂੰ ਹੱਠ ਦਾ ਮਾਣ ਸੀ।
ਕਈਆਂ ਨੂੰ ਸਿਦਕ-ਅਭਿਮਾਨ ਸੀ।
ਸਭ ਸੱਚ ਤੋਂ ਅਗਯਾਨ ਸੀ।
ਮਾਯਾ ਦੀ ਸਭ ਤੇ ਧਾਣ ਸੀ।
ਫਿਰਦੇ ਗੁਰੂ ਵਿਚ ਸੱਭ ਦੇ।

ਕੋਈ ਐਸਾ ਬੰਦਾ ਲੱਭਦੇ।
ਹੌਮੈਂ ਤੋਂ ਹੋਵੇ ਰੈਹਤ ਜੋ।
ਮਾਇਆ ਦੇ ਨਾ ਮਾਤੈਹਤ ਜੋ।
ਆਖਿਰ ਜਵਾਹਰੀ ਦੀ ਨਜ਼ਰ।
ਆ ਪਾਈ ਹੀਰੇ ਦੀ ਕਦਰ।
ਚੁਣਿਆ ਬਚਿਤਰ ਸਿੰਘ ਸੀ।
ਨਿਕਲੇ ਜਿਦ੍ਹੇ ਵਲ ਵਿੰਗ ਸੀ।
ਸੀ ਸ਼ੁਧ ਜਿਸ ਦੀ ਆਤਮਾ।
ਹੋਇਆ ਖੁਦੀ ਦਾ ਖਾਤਮਾ।
ਨਿਸ਼ਕਾਮ ਜਪ ਕੇ ਨਾਮ ਨੂੰ।
ਪੀ ਬੇ-ਖੁਦੀ ਦੇ ਜਾਮ ਨੂੰ।
ਦੂਈ ਦੀ ਕਾਲਖ ਧੋ ਗਿਆ।
ਪਿੱਤਲ ਤੋਂ ਸੋਨਾ ਹੋ ਗਿਆ।
ਕੋਈ ਰਹੀ ਨਾ ਖਿਚ ਸੀ।
ਮਸਤ ਆਪ ਅਪਣੇ ਵਿਚ ਸੀ।
ਜਾਂ ਯੋਗ ਭਾਂਡਾ ਵੇਖਿਆ।
ਸਾਹਿਬ ਨੇ ਅਪਣਾ ਕਰ ਲਿਆ।
ਆਏ ਗੁਰੂ ਮੇਹਰਾਂ ਦੇ ਘਰ।
ਕਿਰਪਾ ਭਰੀ ਸੁਟੀ ਨਜ਼ਰ।
ਵਸਤੂ "ਅਜਰ" ਨੂੰ ਭਰ ਦਿਤਾ।
ਲੋਹੇ ਨੂੰ ਪਾਰਸ ਕਰ ਦਿਤਾ।
ਫਿਰ ਕੀ ਰਹੀ ਪਰਵਾਹ ਸੀ।
ਸ਼ਾਹਾਂ ਦਾ ਸ਼ਾਹਨਸ਼ਾਹ ਸੀ।
ਵਡੀ ਦਰਿਸ਼ਟੀ ਹੋ ਗਈ।
ਛੋਟੀ ਸਰਿਸ਼ਟੀ ਹੋ ਗਈ।
ਬਰਹਿਮੰਡ ਸਾਰਾ ਕੁਝ ਸੀ।
ਮਾਯਾ ਦੀ ਹਸਤੀ ਤੁਛ ਸੀ।
ਅਸਮਾਨ ਭੀੜਾ ਜਾਪਦਾ।

ਹਾਥੀ ਸੀ ਕੀੜਾ ਜਾਪਦਾ।

••••

ਗੁਰੂ ਕਿਹਾ "ਸੂਰੇ ਉਠ ਕੇ।
ਹਾਥੀ ਮਚਲ ਕੇ ਸੁੱਟ ਦੇ।"
ਸੁਣ ਸਿੰਘ ਸੀਸ ਨਿਵਾਂਵਦਾ।
ਹਥ ਜੋੜ ਫਤੇ ਗਜਾਂਵਦਾ।
ਘੋੜੇ ਨੂੰ ਅਡੀ ਲਾਂਵਦਾ।
ਝਟ ਹਵਾ ਸੀ ਹੋ ਜਾਂਵਦਾ।
ਜਿਸ ਤਰਫੋਂ ਹਾਥੀ ਆ ਰਿਹਾ।
ਓਸੇ ਤਰਫ ਸਿੰਘ ਜਾ ਰਿਹਾ।
ਦੂਰੋਂ ਹੀ ਸੀ ਲਲਕਾਰਦਾ।
ਹਾਥੀ ਤਾਈਂ ਵੰਗਾਰਦਾ।
ਘੋੜਾ ਸੀ ਹੇਠੋਂ ਹਿਣਕਦਾ।
ਸੂਰਾ ਸੀ ਬਾਵਾਂ ਛਿਣਕਦਾ।
ਬਰਛੇ ਤਾਈਂ ਘੁਕਾਂਵਦਾ।
ਸੀ ਸਿੰਘ ਉਡਿਆ ਜਾਂਵਦਾ।
ਘੋੜਾ ਜਾਂ ਨੇੜੇ ਪਹੁੰਚਿਆ।
ਫਨੀਅਰ ਦੇ ਵਾਂਗ ਖਲੋ ਗਿਆ।
ਸੂਰੇ ਨੇ ਬਰਛਾ ਤਾਣ ਕੇ।
ਮਸਤੀ ਦੇ ਅੰਦਰ ਆਣ ਕੇ।
ਇਕ ਐਸਾ ਕੀਤਾ ਵਾਰ ਸੀ।
ਲੰਘਿਆ ਜੋ ਢਾਲੋਂ ਪਾਰ ਸੀ।
ਵਿੰਨ੍ਹ ਢਾਲ ਬਰਛਾ ਬੀਰ ਦਾ।
ਹਾਥੀ ਦਾ ਮੱਥਾ ਚੀਰਦਾ।
ਫਿਰ ਸੂਤ ਕੇ ਤਲਵਾਰ ਸੀ।
ਇਕ ਹੋਰ ਕਰਦਾ ਵਾਰ ਸੀ।
ਕੱਟ ਸੁਟੀ ਉਸ ਦੀ ਸੁੰਡ ਸੀ।
ਹਾਥੀ ਨੂੰ ਕੀਤਾ ਰੁੰਡ ਸੀ।
ਵਜਦੇ ਸੀ ਨਾਅਰੇ ਕਿਲ੍ਹੇ ਤੋਂ।
ਛੁਟਦੇ ਜੈਕਾਰੇ ਕਿਲ੍ਹੇ ਤੋਂ।
ਹਾਥੀ ਠਠੰਬਰ ਚਾ ਗਿਆ।
ਅਸਲੀ ਰਮਜ਼ ਨੂੰ ਪਾ ਗਿਆ।
ਏਹ ਵਾਰ ਨਾ ਇਨਸਾਨ ਦਾ।
ਹਾਥੀ ਦਾ ਦਿਲ ਸੀ ਜਾਣਦਾ।
ਸਭ ਸ਼ਕਤੀ ਬੱਧੀ ਰੈਹ ਗਈ।
ਹਾਥੀ ਦੀ ਮਸਤੀ ਲੈਹ ਗਈ।
ਹੁਣ ਪਸ਼ੂ ਬਿਰਤੀ ਨਾਸ ਸੀ।
ਤੇ ਗਿਆਨ ਦਾ ਪਰਕਾਸ਼ ਸੀ।
ਸਮਝ ਆਈ ਉਸ ਨੂੰ ਸਭ ਸੀ।
ਬੰਦੇ ਚੋਂ ਡਿਠਾ ਰਬ ਸੀ।
ਵਿਚੋਂ ਸੀ ਸ਼ੁਕਰ ਗੁਜ਼ਾਰਦਾ।
ਉੱਤੋਂ ਸੀ ਚੀਕਾਂ ਮਾਰਦਾ।
ਮੁੜ ਕੇ ਪਿੱਛਾਂ ਨੂੰ ਵੱਗ ਪਿਆ।
ਆਪਣੇ ਹੀ ਮਾਰਨ ਲਗ ਪਿਆ।
ਕਈ ਮਾਰ ਕੇ ਖ਼ੁਦ ਮਰ ਗਿਆ।
ਜੀਵਨ ਨੂੰ ਸਫਲਾ ਕਰ ਗਿਆ।

••••

ਹਾਥੀ ਦੇ ਡਿਗਦੇ ਸਾਰ ਹੀ।
ਸਭ ਹੋ ਗਈ ਅੰਧਕਾਰ ਸੀ।
ਅੰਬਰ ਤੇ ਬੱਦਲ ਛਾ ਗਿਆ।
ਤੂਫ਼ਾਨ ਫੌਰਨ ਆ ਗਿਆ।
ਬਿਜਲੀ ਪਵੇ, ਵੱਸਣ ਗੜੇ।
ਕੰਬਣ ਪਏ ਯੋਧੇ ਖੜੇ।
ਡਰ ਗੈਬੋਂ ਐਸਾ ਛਾ ਗਿਆ।
ਸਭ ਵੈਰੀ ਦਲ ਪਥਰਾ ਗਿਆ।
ਬਿਟ ਬਿਟ ਸੀ ਸਾਰੇ ਤੱਕਦੇ।

ਸ਼ਸਤਰ ਹਿਲਾ ਨਾ ਸਕਦੇ।
ਮੂੰਹ ਫੱਕ ਉਡੇ ਹੋਸ਼ ਸੀ।
ਸਿਰ ਗਰਮ ਠੰਢਾ ਜੋਸ਼ ਸੀ।
ਗਾਜ਼ੀ ਘੁਮੰਡੀ ਚੁੱਪ ਸੀ।
ਰਾਜੇ ਪਖੰਡੀ ਚੁੱਪ ਸੀ।
ਚਾਲਾਂ ਤੇ ਰਾਵਾਂ ਭੁੱਲੀਆਂ।
ਲੱਤਾਂ ਤੇ ਬਾਵਾਂ ਫੁੱਲੀਆਂ।

••••

ਰੱਬੀ ਇਸ਼ਾਰੇ ਵੇਖ ਕੇ।
ਸ਼ੁਭ ਸ਼ਗਨ ਸਾਰੇ ਵੇਖ ਕੇ।
ਰਣਜੀਤ ਧੌਂਸਾ ਵੱਜਿਆ।
ਲਸ਼ਕਰ ਅਕਾਲੀ ਗੱਜਿਆ।
ਬੂਹਾ ਕਿਲੇ ਦਾ ਖੋਲਿਆ।
ਸਿੰਘਾਂ ਨੇ ਹੱਲਾ ਬੋਲਿਆ।
ਸਭ ਅਗੇ ਸਿੰਘ ਅਜੀਤ ਸੀ।
ਪਿੱਛੇ ਬਹਾਦਰ ਮੀਤ ਸੀ।
ਐਸੇ ਅਚਾਨਕ ਟੁਟ ਪਏ।
ਵੈਰੀ ਦੇ ਛੱਕੇ ਛੁਟ ਗਏ।
ਪੈਂਦੇ ਜਾਂ ਭੁੱਖੇ ਸ਼ੇਰ ਨੇ।
ਮਿਰਗਾਂ ਦੇ ਲਗਦੇ ਢੇਰ ਨੇ।
ਬਘਯਾੜ ਭੇਡਾਂ ਪਾੜਦੇ।
ਚਿੜੀਆਂ ਨੂੰ ਸ਼ਿਕਰੇ ਰਾੜਦੇ।
ਸਿਰ ਫੜ ਨਿਓਲਾ ਸੱਪ ਦਾ।
ਦੰਦਾਂ 'ਚ ਲੈ ਕੇ ਕੱਪ ਦਾ।
ਓਵੇਂ ਹੀ ਸਿਘਾਂ ਸੂਰਿਆਂ।
ਓਵੇਂ ਨਿਹੰਗਾਂ ਸੂਰਿਆਂ
ਚੁਣ ਚੁਣ ਕੇ ਵੈਰੀ ਢਾਹ ਲਏ।
ਗਿਣ ਗਿਣ ਕੇ ਬਦਲੇ ਚਾ ਲਏ।
ਕਰਦੇ ਅਕਾਲ ਅਕਾਲ ਸੀ।
ਕਰਵਾਂਵਦੇ ਹਾਲ ਹਾਲ ਸੀ।
ਖਾਨਾਂ ਦੀ ਤੋਬਾ ਤੋਬ ਸੀ।
ਰਾਜਪੂਤਾਂ ਪੈਂਦੇ ਡੋਬ ਸੀ।
ਪੈਰ ਉਖੜਿਆ ਸੀ ਸੱਭ ਦਾ।
ਨੱਸਣ ਨੂੰ ਰਾਹ ਨਾ ਲੱਭਦਾ।
ਸੂਰਜ ਨੇ ਅਗਲੇ ਭਲਕ ਆ।
ਹੈਰਾਨ ਹੋ ਕੇ ਦੇਖਿਆ।
ਡੇਰੇ ਜਮਾਏ ਕਾਲ ਸੀ।
ਲਹੂ ਨਾਲ ਧਰਤੀ ਲਾਲ ਸੀ।
ਮੁਰਦੇ ਹੀ ਮੁਰਦੇ ਪਏ ਸੀ।
ਜੋ ਬਚੇ ਸੀ ਨਸ ਗਏ ਸੀ।
ਖੁਸ਼ੀਆਂ ਮਨੌਂਦੀ ਸੀ ਹਵਾ।
ਵਾਜੇ ਵਜੌਂਦੀ ਸੀ ਹਵਾ।
ਨਚਦੀ ਤੇ ਗੌਂਦੀ ਸੀ ਹਵਾ।
ਫਿਰਦੀ ਸੁਣੌਂਦੀ ਸੀ ਹਵਾ।
"ਵਾਹਿਗੁਰੂ ਜੀ ਕੀ ਫਤੇ।
ਵਾਹਿਗੁਰੂ ਜੀ ਕੀ ਫਤੇ।"

ਭਾਈ ਘਨੱਯਾ

ਏਧਰ ਤੇ ਸਿੰਘ ਬਲਵਾਨ ਸੀ।
ਓਧਰ ਵੀ ਸ਼ੇਰ ਪਠਾਨ ਸੀ।
ਸੀ ਜੰਗ ਮੁਗਲੀ ਸ਼ਾਨ ਦਾ।
ਤੇ ਖਾਲਸੇ ਦੀ ਆਨ ਸੀ।
ਮੂੰਹ ਜ਼ਿੰਦਗੀ ਤੋਂ ਮੋੜ ਕੇ।
ਗਾਜ਼ੀ ਲੜਨ ਜੀਅ ਤੋੜ ਕੇ।
ਸਿੰਘਾਂ ਫੜੀ ਕਿਰਪਾਨ ਸੀ।
ਰੱਖੀ ਤਲੀ ਤੇ ਜਾਨ ਸੀ।
ਲੋਹੜੇ ਦਾ ਮਚਿਆ ਯੁਧ ਸੀ।
ਆਪਣੀ ਕਿਸੇ ਨਾ ਸੁਧ ਸੀ।
ਦੋਹਾਂ ਧਿਰਾਂ ਦੇ ਸੂਰਮੇਂ।
ਨਾਮੀ ਪਿੜ ਦੇ ਸੂਰਮੇਂ।
ਵਧ ਵਧ ਕੇ ਲੈਂਦੇ ਜਾਨ ਸੀ।
ਕਟ ਕਟ ਕੇ ਦੇਂਦੇ ਪਰਾਨ ਸੀ।
ਹਥ ਸੀ ਵਿਖਾਂਦੇ ਸੂਰਮੇਂ।
ਸਿਰ ਸੀ ਗਵਾਂਦੇ ਸੂਰਮੇਂ।
ਸਿਰ ਲੱਥਦੇ ਸੀ ਧੜਾਂ ਤੋਂ।
ਡਿਗਦੇ ਸਰੂ ਸੀ ਜੜ੍ਹਾਂ ਤੋਂ।
ਆਖਰ ਮਚਾਈ ਸ਼ਸਤਰਾਂ।
ਫੇਰੀ ਦੁਹਾਈ ਸ਼ਸਤਰਾਂ।
ਉੱਲੀ ਉਹ ਲਾਹੀ ਸ਼ਸਤਰਾਂ।
ਦੁਨੀਆਂ ਮੁਕਾਈ ਸ਼ਸਤਰਾਂ।

ਨਿਕਲਣ ਜੌਹਰ ਤਲਵਾਰ ਦੇ।
ਖੰਡੇ ਸੀ ਲਿਸ਼ਕਾਂ ਮਾਰਦੇ।
ਸ਼ਾਂ ਸ਼ਾਂ ਕਰੇਂਦੇ ਤੀਰ ਸੀ।
ਜਾਂਦੇ ਕਤਾਰਾਂ ਚੀਰ ਸੀ।
ਛੁੱਟਣ ਕਮਾਨੋਂ ਚਿਲਕਦੇ।
ਸੁੱਟਣ ਜਵਾਨਾਂ ਵਿਲਕਦੇ।
ਹਥ ਰੰਗੀ ਫਿਰਦਾ ਕਾਲ ਸੀ।
ਲਹੂ ਨਾਲ ਧਰਤੀ ਲਾਲ ਸੀ।
ਮੁਰਦੇ ਹਜ਼ਾਰਾਂ ਪਏ ਸੀ।
ਲਖਾਂ ਹੋ ਜ਼ਖਮੀ ਗਏ ਸੀ।
ਲਹੂ ਨਾਲ ਦਲਦਲ ਹੋ ਗਈ।
ਦਲਦਲ ਸੀ ਗਲਗਲ ਹੋ ਗਈ।
ਦੁਨੀਆਂ ਤੇ ਸੀ ਬਰਬਾਦੀਆਂ।
ਘਰ ਮੌਤ ਦੇ ਸੀ ਸ਼ਾਦੀਆਂ।
ਵਲੀਆਂ ਵਲੀ ਸ਼ਾਹਾਂ ਦਾ ਸ਼ਾਹ।
ਦੀਨ ਅਰ ਦੁਨੀ ਦਾ ਰਹਿਨੁਮਾ।
ਸੌਢੀ ਗੁਰੂ, ਚੋਜੀ ਗੁਰੂ।
ਤਿੰਨ ਕਾਲ ਦਾ ਸੋਝੀ ਗੁਰੂ।
ਮਾਯਾ ਨੂੰ ਆਪ ਪਸਾਰ ਕੇ।
ਆਪੇ ਹੀ ਖੇਡ ਖਿਲਾਰ ਕੇ।
ਟੀਲੇ ਤੇ ਚੜ੍ਹ ਕੇ ਵੇਖਦਾ।
ਨੀਲੇ ਤੇ ਚੜ੍ਹ ਕੇ ਵੇਖਦਾ।

ਦੱਸੇ ਜੋ ਡਾਹਢੀ ਬੀਰਤਾ।
ਸੂਰਮਗਤੀ ਵਿੱਚ ਧੀਰਤਾ।
ਹੁੰਦਾ ਉਹ ਸਿੱਖ ਜਵਾਨ ਸੀ।
ਯਾ ਹਿੰਦੂ ਤੁਰਕ ਪਠਾਨ ਸੀ।
ਵੇਖ ਹੁੰਦੇ ਸਤਿਗੁਰ ਸ਼ਾਦ ਸੀ।
ਹਰ ਇਕ ਨੂੰ ਦੇਂਦੇ ਦਾਦ ਸੀ।

••••

ਏਨੇ ਨੂੰ ਕੀਤੀ ਅਰਜ਼ ਆ।
ਸਿੰਘਾਂ ਨਿਭਾਇਆ ਫਰਜ਼ ਆ।
ਇਕ ਸਿੰਘ ਤਾਈਂ ਪਕੜ ਕੇ।
ਹੱਥ ਪੁੱਠੇ ਉਸ ਦੇ ਜਕੜ ਕੇ।
ਆ ਸਾਹਮਣੇ ਖਲਿਹਾਰਿਆ।
ਤੇ ਮੁਖ ਥੀਂ ਇੰਜ ਉਚਾਰਿਆ।
"ਏਹ ਸਿੰਘ ਘਨੱਯਾ ਆਪਦਾ।
ਵੈਰੀ ਨੂੰ ਮਿਲਿਆ ਜਾਪਦਾ।
ਪਾਣੀ ਪਿਲਾਵੇ ਦੁਸ਼ਮਨਾਂ।
ਮਲ੍ਹਮ ਲਗਾਵੇ ਦੁਸ਼ਮਨਾਂ।
ਸਿੰਘ ਆਏ ਇਸ ਤੋਂ ਤੰਗ ਨੇ।
ਤੁਰਕਾਂ ਨੂੰ ਲਗੇ ਰੰਗ ਨੇ।
ਵੈਰੀ ਤਿਹਾਏ ਆਂਵਦੇ।
ਹੋ ਹੋ ਹਰੇ ਮੁੜ ਜਾਂਵਦੇ।
ਹੋ ਤਾਜ਼ਾ ਦਮ ਫਿਰ ਡੱਟਦੇ।
ਦੂਣੇ ਹੋ ਦੂਣੇ ਕੱਟਦੇ।
ਏਹ ਸੁਣ ਕੇ ਜਾਣੀ ਜਾਣ ਨੇ।
ਸੋਢੀ ਗੁਰੂ ਸੁਲਤਾਨ ਨੇ।
ਨਜ਼ਰਾਂ ਮਿਲਾ ਕੇ ਆਖਿਆ।
ਧੀਰਜ ਦਿਲਾ ਕੇ ਆਖਿਆ।
"ਮੇਰੇ ਘਨੱਯਾ ਡਰੀਂ ਨਾ।
ਕੋਈ ਲੁਕਾ ਹੁਣ ਕਰੀਂ ਨਾ।
ਭੇਤ ਆਪਣੇ ਨੂੰ ਖੋਲ੍ਹ ਦੇ।
ਸੱਚ ਸੱਚ ਪਿਆਰੇ ਬੋਲਦੇ।"
ਰੱਬੀ ਹਮਾਇਤ ਵੇਖ ਕੇ।
ਅਰਸ਼ੀ ਅਨਾਇਤ ਵੇਖ ਕੇ।
ਤਾਂ ਮੂੰਹ ਘਨੱਯਾ ਖੋਲ੍ਹਦਾ।
ਮੱਸਤੀ ਚ ਆ ਕੇ ਬੋਲਦਾ।
"ਲਾਂਦੇ ਜੋ ਮੈਨੂੰ ਲੀਕ ਨੇ।
ਕੁਝ ਗਲਤ ਨੇ ਕੁਝ ਠੀਕ ਨੇ।
ਕੈਂਹਦੇ ਜੋ ਨਿਮਕ ਹਰਾਮ ਨੇ।
ਸੰਗ ਵੈਰੀ ਮੇਲ, ਸਲਾਮ ਹੈ।
ਇਹ ਝੂਠ ਦਾ ਇਲਜ਼ਾਮ ਹੈ।
ਕਰਦੇ ਮੁਫਤ ਬਦਨਾਮ ਹੈ।
ਪਾਣੀ ਪਿਲਾਵਾਂ ਠੀਕ ਮੈਂ।
ਮਲ੍ਹਮ ਲਗਾਵਾਂ ਠੀਕ ਮੈਂ।
ਹਿੰਦੂ ਤੇ ਮੁਸਲਮਾਨ ਨੂੰ।
ਸਿੱਖ ਨੂੰ ਤੇ ਤੁਰਕ ਪਠਾਨ ਨੂੰ।
ਅਪਰਾਧ ਠੀਕ ਜ਼ਰੂਰ ਹੈ।
ਦੇਵੋ ਸਜ਼ਾ ਮੰਨਜ਼ੂਰ ਹੈ।
ਪਰ ਮੇਰਾ ਦਿਲ ਮਜਬੂਰ ਹੈ।
ਮਜਬੂਰੀ ਨਾਲ ਕਸੂਰ ਹੈ।
ਤੇਰੀ ਸ਼ਰਨ ਵਿਚ ਆਣ ਕੇ।
ਸਿੱਖੀ ਦੀ ਮਸਤੀ ਜਾਣ ਕੇ।
ਦੂਈ ਦੀ ਕਾਲਖ ਸੜ ਗਈ।
ਰੰਗਣ ਇਲਾਹੀ ਚੜ੍ਹ ਗਈ।
ਘਿਰਨਾਂ ਦੇ ਸੋਮੇਂ ਸੁੱਕ ਗਏ।
ਵੈਰੀ ਤੇ ਦੁਸ਼ਮਨ ਮੁਕ ਗਏ।
ਆਈ ਮਜ਼੍ਹਬ ਦੀ ਸਮਝ ਹੈ।

ਪਾਈ ਮੈਂ ਇਸ ਦੀ ਰਮਜ਼ ਹੈ।
ਹਰ ਦਿਲ 'ਚ ਹਰਿ ਜੀ ਵੇਖਿਆ।
ਤਿਲ ਤਿਲ 'ਚ ਹਰਿ ਜੀ ਵੇਖਿਆ।
ਸੂਰਜ ਦੇ ਵਿਚ ਭਗਵਾਨ ਹੈ।
ਜ਼ੱਰੇ 'ਚ ਉਸ ਦੀ ਸ਼ਾਨ ਹੈ।
ਇਕੋ ਦੇ ਅੰਦਰ ਸੱਭ ਹੈ।
ਸਭਨਾਂ 'ਚ ਇਕੋ ਰੱਬ ਹੈ।
ਹੁਣ ਫਰਕ ਨਾ ਮੈਂ ਜਾਣਦਾ।
ਇਨਸਾਨ ਤੇ ਇਨਸਾਨ ਦਾ।
ਨਾ ਗੈਰ ਕੋਈ ਜਾਪਦੇ।
ਬੇਟੇ ਨੇ ਇੱਕੋ ਬਾਪ ਦੇ।
ਜਦ ਜ਼ਖਮੀ ਲੜਦੇ ਆਂਵਦੇ।
ਢੈਂਦੇ ਤੇ ਡਿਗਦੇ ਜਾਂਵਦੇ।
ਅੰਦਰ ਜੋ ਮੇਰੇ ਵੱਸਦਾ।
ਓਦੋਂ ਹੈ ਮੈਨੂੰ ਦੱਸਦਾ।
ਬੰਦੇ ਏਹ ਸਭ ਕਰਤਾਰ ਦੇ।
ਭੁਖੇ ਨੇ ਤੇਰੇ ਪਿਆਰ ਦੇ।
ਤੂੰ ਵਿਤਕਰੇ ਨੂੰ ਮਾਰ ਦੇ।
ਸਿਰ ਸਾਰਿਆਂ ਪੁਚਕਾਰ ਦੇ।
ਅੱਗੇ ਸਮਝ ਨਾ ਆਂਵਦਾ।
ਕੀ ਮੈਨੂੰ ਹੈ ਹੋ ਜਾਂਵਦਾ।
ਪਾਣੀ ਪਿਲਾਂਦਾ ਕੌਣ ਹੈ।
ਪੀ ਪੀ ਕੇ ਜਾਂਦਾ ਕੌਣ ਹੈ।
ਮੱਲ੍ਹਮ ਲਗਾਂਦਾ ਕੌਣ ਹੈ।
ਮੱਲ੍ਹਮ ਲਵਾਂਦਾ ਕੌਣ ਹੈ।

ਏਹ ਭੇਤ ਤੂੰ ਏਂ ਜਾਣਦਾ।
ਘਟ ਘਟ ਨੂੰ ਹੈ ਜੋ ਜਾਣਦਾ।
ਆਪੇ ਹੀ ਕਰਮ ਕਰਾਵਨੈ।
ਆਪੇ ਹੀ ਪਕੜ ਬੁਲਾਵਨੈ।
ਬਲਿਹਾਰ ਤੇਰੇ ਚੋਜ ਦੇ।
ਮੈਂ ਵਾਰੀ ਤੇਰੇ ਚੋਜ ਦੇ।
ਜਦ ਬੂਟੇ ਨੂੰ ਫਲ ਆਂਵਦਾ।
ਮਾਲੀ ਖੁਸ਼ੀ ਨਾ ਮਾਂਵਦਾ।
ਸ਼ਾਗਿਰਦ ਹੁੰਦਾ ਪਾਸ ਹੈ।
ਉਸਤਾਦ ਪੁਜਦੀ ਆਸ ਹੈ।
ਓਵੇਂ ਹੀ ਤਦ ਸਰਕਾਰ ਨੇ।
ਉਸ ਨੀਲੇ ਦੇ ਅਸਵਾਰ ਨੇ।
ਹੇਠਾਂ ਉਤਰ ਕੇ ਆਖਿਆ।
ਕਦਮਾਂ ਥੀਂ ਤੁਰ ਕੇ ਆਖਿਆ।
ਗਦ ਗਦ ਖੁਸ਼ੀ ਹੋ ਆਖਿਆ।
ਬੇਹੱਦ ਖੁਸ਼ ਹੋ ਆਖਿਆ।
ਮੁਸ਼ਕਾਂ ਖੁਲ੍ਹਾ ਕੇ ਆਖਿਆ।
ਨੇੜੇ ਬੁਲਾ ਕੇ ਆਖਿਆ।
ਛਾਤੀ ਲਗਾ ਕੇ ਆਖਿਆ।
ਅਰਸ਼ੀਂ ਚੜ੍ਹਾ ਕੇ ਆਖਿਆ।
"ਮੇਰੇ ਘਨੱਯਾ ਧੰਨ ਹੈ।
ਸਿੱਖਾਂ 'ਚੋਂ ਮੈਨੂੰ ਚੰਨ ਹੈ।
ਮੈਂ ਮੋਤੀ ਹਾਂ ਤੂੰ ਆਬ ਹੈਂ।
ਮੈਂ ਚੇਹਰਾ ਹਾਂ ਤੂੰ ਸਾਹਬ ਹੈਂ।"

ਜੁਝਾਰ ਸਿੰਘ ਦੀ ਸ਼ਹੀਦੀ

ਛੋਟੇ ਲਾਲ ਨੇ ਕਿਹਾ ਹੱਥ ਬੰਨ੍ਹ ਕੇ
ਲੜਾਈ ਵਿਚ ਜਾਣ ਦੇ ਪਿਤਾ ......ਮੈਨੂੰ
ਦਿਖਾਵਾਂ ਲੈ ਕੇ ਬਦਲੇ ਭਰਾ ਦੇ .....ਤੈਨੂੰ।

••••

ਅਗੋਂ ਹੱਸ ਕੇ ਗੁਰੂ ਜੀ ਬੋਲੇ
ਨਿਸ਼ੰਗ ਜਾਓ ਮੇਰੇ ਲਾਲ ਜੀ ....ਗੱਜਦੇ
ਸੂਰੇ ਵਿਚ ਹੀ ਰਣਾਂ ਦੇ ਹਨ ......ਸੱਜਦੇ।

••••

ਲੈ ਕੇ ਆਗਿਆ ਗੜ੍ਹੀ ਚੋਂ ਨਿਕਲੇ
ਕੰਧਰਾਂ ਚੋਂ ਸ਼ੇਰ ਦੀ ਤਰ੍ਹਾਂ ......ਬੁਕਦਾ
ਪੀ ਪੀ ਵੈਰੀਆਂ ਦਾ ਲਹੂ ਸੰਘ ...ਸੁਕਦਾ।

••••

ਪਾਣੀ ਮੰਗਦਾ ਪਿਤਾ ਤੋਂ ਆ ਕੇ
ਅੱਗ ਲੱਗੀ ਵੀਰ ਦੇ ਬਿਨਾਂ ......ਆਖੇ
ਖਾਨਾਂ ਦੇ ਮੈਂ ਖਾਨਦਾਨ ਛੱਡਣੇ .....ਮੁਕਾ ਕੇ।

••••

ਹੁਣ ਵੀਰ ਤੋਂ ਮਿਲੇਗਾ ਪਾਣੀ
ਸਾਡਾ ਤੇਰਾ ਸਾਕ ਟੁਟਿਆ .....ਸ਼ੇਰਾ
ਵੇਖੋ ਪਿਓ ਅਣਖੀ ਦਾ ਐਡਾ .....ਜੇਰਾ।

••••

ਵਟ ਖਾ ਕੇ ਮੈਦਾਨ ਵਲ ਪਰਤੇ
ਜੁਝਾਰ ਸਿੰਘ ਵਾਂਗ ਬੱਦਲਾਂ .....ਸ਼ੂਕਦਾ
ਵੈਰੀ ਦਲ ਬਿਜਲੀ ਦੇ ਵਾਂਗ ਫਿਰੇ ....ਫੂਕਦਾ।

ਕਾਲ ਥਕਿਆ ਵਹੀ ਤੋਂ ਠਾਵੇਂ ਲਾਂਹਵਦਾ
ਖੰਡਾ ਨਾ ਜੁਝਾਰ ਦਾ ਰੁਕੇ ....ਝੰਬਦਾ
ਥਰ ਥਰ ਪਾਰੇ ਵਾਂਗ ਸਾਰਾ ਰਣ ......ਕੰਬਦਾ।

••••

ਹੋਣੀ ਸੋਚਿਆ ਮੁਗਲ ਮੁਕ ਜਾਸਨ
ਤੇਗ ਜੇ ਜੁਝਾਰ ਦੀ ਰਹੀ ....ਵੈਂਹਦੀ
ਨਜ਼ਰੀਂ ਅਜੀਤ ਸਿੰਘ ਦੀ ਲਾਸ਼ ....ਪੈਂਦੀ।

••••

ਐਸਾ ਖ਼ੂਨ ਨੇ ਉਬਾਲਾ ਖਾਧਾ
ਜੁਝਾਰ ਸਿੰਘ ਜੰਗ ਕਰਨਾ ......ਭੁਲਿਆ
ਵੇਖ ਵੱਡੇ ਵੀਰ ਨੂੰ ਮਿੱਟੀ ਵਿਚ ....ਰੁਲਿਆ।

••••

ਵੀਰ ਵੀਰ ਨੂੰ ਜਦੋਂ ਗਲ ਲਾਇਆ
ਵੈਰੀਆਂ ਨੇ ਮਾਰੇ ਤਾੜ ਕੇ ......ਤੀਰ ਸੀ
ਦੂਰੋਂ ਹਾਏ ਵਿੰਨ੍ਹ ਸੁਟਿਆ ਬਾਂਕਾ ......ਬੀਰ ਸੀ।

ਦਮਦਮੇ ਸਾਹਿਬ ਦਾ ਇਤਿਹਾਸਕ ਦੀਵਾਨ

ਮਾਤਾ ਸਾਹਿਬ ਦੇਵਾਂ ਪਈ ਸਮਝਦੀ ਸੀ,
ਕਿ ਜਵਾਨ ਹੋਏ ਹੋਸਣ ਬਾਲ ਚਾਰੇ।
ਐਨੇ ਚਿਰ ਅੰਦਰ ਹੋ ਗਏ ਹੋਸਣ,
ਸਰੂ ਕੱਦ ਮੇਰੇ ਨੌਨਿਹਾਲ ਚਾਰੇ।
ਬਾਜਾਂ ਵਾਲੇ ਦੇ ਔਣ ਦੀ ਸੋ ਸੁਣ ਕੇ,
ਜਾਮੇ ਵਿੱਚ ਫੁੱਲੀ ਨਾ ਸਮਾਉਂਦੀ ਸੀ।
ਅਗਲੀ ਖ਼ੁਸ਼ੀ ਤੇ ਸੁਖਾਂ ਦਾ ਬੰਨ੍ਹ ਨਕਸ਼ਾ,
ਅੱਖਾਂ ਮੀਚ ਕੇ ਸੋਚ ਦੁੜਾਉਂਦੀ ਸੀ।
ਬੂਹੇ ਵੜਦਿਆਂ ਹੀ ਪਤੀ ਪੁੱਤਰਾਂ ਦੇ,
ਪਾਣੀ ਵਾਰ ਕੇ ਸਿਰਾਂ ਤੋਂ ਪੀਵਸਾਂਗੀ।
ਤੱਕ ਤੱਕ ਕਰਸਾਂ ਅੱਖਾਂ ਠੰਡੀਆਂ ਮੈਂ,
ਨਾਲ ਜੱਗ ਰਲ ਕੇ ਫੇਰ ਜੀਵਸਾਂਗੀ।
ਅਪਣੇ ਸਿੰਘ ਅਜੀਤ, ਜੁਝਾਰ ਸਿੰਘ ਨੂੰ,
ਮੂੰਹ ਚੁੰਮ ਕੇ ਕੋਲ ਬਹਾਵਸਾਂਗੀ।
ਫਤਿਹ ਸਿੰਘ ਜ਼ੋਰਾਵਰ ਸਿੰਘ ਤਾਈਂ,
ਘੁੱਟ ਘੁੱਟ ਛਾਤੀ ਨਾਲ ਲਾਵਸਾਂਗੀ।
ਘਰ ਔਂਦਿਆਂ ਹੀ ਚੌਹਾਂ ਸੋਹਣਿਆਂ ਦਾ,
ਹੱਥੀਂ ਆਪਣੀ ਚਾ ਵਿਆਹ ਕਰਸਾਂ।
ਮੇਰੇ ਜਿਹਾ ਸੁਖੀ ਤਦੋਂ ਕੌਣ ਹੋਸੀ,
ਨੂੰਹਾਂ ਨਾਲ ਜਦ ਆਪਣਾ ਘਰ ਭਰਸਾਂ।
ਤਾਹੀਏਂ ਗੋਲੀ ਨੇ ਆਣ ਕੇ ਖਬਰ ਕੀਤੀ,
"ਮਾਤਾ ! ਸੰਗਤਾਂ ਦਾ ਸਰਦਾਰ ਆਯਾ।
ਨੱਠੇ ਜਾਣ ਲੋਕੀ ਸਾਰੇ ਦਰਸ਼ਨਾਂ ਨੂੰ,

ਆ ਕੇ ਬਾਹਰ ਸ਼ਹਿਰੋਂ ਸੂ ਦੀਵਾਨ ਲਾਯਾ।
ਮਾਤਾ ਸੁਣਦਿਆਂ ਹੀ ਟੈਹਲਣ ਨਾਲ ਲੈ ਕੇ,
ਚੁੱਕ ਅੱਡੀਆਂ ਪੱਬਾਂ ਦੇ ਭਾਰ ਦੌੜੀ।
ਚਿਰੀਂ ਵਿੱਛੜੇ ਪੁੱਤਰਾਂ ਨੂੰ ਵੇਖਣ,
ਨਾਲੇ ਸਾਈਂ ਦਾ ਕਰਨ ਦੀਦਾਰ ਦੌੜੀ।
ਆ ਕੇ ਵੇਖਿਆ ਬੜਾ ਦੀਵਾਨ ਸਜਿਆ,
ਬੈਠੇ ਸੂਰਮੇ ਕਈ ਹਜ਼ਾਰ ਦਿਸੱਣ।
ਇਕ ਤਖਤ ਉਤੇ ਦੋ ਜਹਾਨ ਵਾਲੀ,
ਬੈਠੇ ਸੰਗਤਾਂ ਦੇ ਵਿਚਕਾਰ ਦਿੱਸਣ।
ਮਥਾ ਟੇਕ ਕੇ ਪਤੀ ਦੇ ਚਰਨ ਉਤੇ,
ਮਾਤਾ ਚਾਰ ਚੁਫੇਰੇ ਹੀ ਨਜ਼ਰ ਮਾਰੇ।
ਐਪਰ ਕਿਸੇ ਪਾਸੇ ਵੀ ਨਾ ਨਿਗਾਹ ਚੜ੍ਹਦੇ,
ਜਿਗਰ ਦੇ ਟੁਕੜੇ ਸੋਹਣੇ ਲਾਲ ਚਾਰੇ।
ਸੱਜੀ ਅੱਖ ਫਰਕੀ ਮਾਤਾ ਦੀ ਓਦੋਂ,
ਲੱਗੀ ਕੈਹਣ ਪੱਲਾ ਗਲ ਪਾਇ ਕੇ ਤੇ।
"ਐ ਸਿਰਤਾਜ ਮੇਰੇ! ਮੇਰੇ ਸਾਹਿਬਜ਼ਾਦੇ,
ਕਿੱਥੇ ਨੇ ?" ਪੁੱਛੇ ਥਥਲਾਇ ਕੇ ਤੇ।
ਐਸੇ ਬਲੀ ਕੋਲੋਂ ਜਿਦੀ ਰਣ ਅੰਦਰ,
ਝੱਲ ਸਕੱਦਾ ਕੋਈ ਤਲਵਾਰ ਨਾ ਸੀ।
ਏਸ ਨਿੱਕੇ ਜਹੇ ਵੇਖੋ ਸਵਾਲ ਸੰਦਾ,
ਉੱਤਰ ਗਿਆ ਦਿੱਤਾ ਪਹਿਲੀ ਵਾਰ ਨਾ ਸੀ।
ਮਾਤਾ ਕੰਬਦੀ ਕੰਬਦੀ ਫੇਰ ਬੋਲੀ,
ਹੱਥ ਜੋੜ ਨੈਣਾਂ ਅੰਦਰ ਨੀਰ ਭਰ ਕੇ।
"ਮੇਰੇ ਲਾਲ ਕਿੱਥੇ ਗਏ, ਦਸਦੇ ਹੋ,
ਕਿਉਂ ਨਹੀਂ ਸਾਂਈਂ, ਮੈਨੂੰ ਤਰਸ ਕਰ ਕੇ ?
ਸਾਰੇ ਜਗ ਦੇ ਸਾਹਮਣੇ ਮੈਂ ਤੇਰੇ,
ਬਾਲ ਨਾਲ ਉਂਗਲ ਤੇਰੀ ਲਾਇ ਕੇ ਤੇ।
ਕਰੀਂ ਰੱਖਿਆ ਇਨ੍ਹਾਂ ਦੀ ਹਿੰਦ ਰਖਸ਼ਕ,

ਤੈਨੂੰ ਕਿਹਾ ਸੀ ਬਾਹਾਂ ਫੜਾਇ ਕੇ ਤੇ।"
ਮੁਸਕਰਾਇ ਕੇ ਤਾਂ ਸ਼ਹਿਨਸ਼ਾਹ ਬੋਲੇ,
"ਜੇ ਜ਼ਰੂਰ ਲੈਣਾ ਹੈ ਜਵਾਬ ਲੈ ਲੈ।"
ਹੈ ਸਵਾਲ ਤੇਰੇ ਦਾ ਜਵਾਬ ਏਹੀ,
ਕਿ ਜਵਾਬ ਦੀ ਜਗ੍ਹਾ ਹਿਸਾਬ ਲੈ ਲੈ।"
ਮਾਤਾ ਡਰੀ ਸੁਣ ਕੇ ਗੋਲ ਮੋਲ ਗਲਾਂ,
ਫੇਰ ਆਖਦੀ ਵਾਸਤਾ ਪਾਇ ਕੇ ਤੇ।
"ਛਡ ਕਿਸ ਜਗ੍ਹਾ ਤੇ ਆਏ ਲਾਲ ਮੇਰੇ,
ਸਫਰ ਵਿਚ ਦਸੋ ਸਮਝਾਇ ਕੇ ਤੇ।"
ਤੀਜੀ ਵਾਰ ਬੋਲੇ ਗੁਰੂ "ਲਾਲ ਤੇਰੇ,
ਪਿੱਛੇ ਧਰਮ ਸ਼ਹੀਦੀ ਪਾਇ ਗਏ ਨੇ।
ਦੋ ਵਿਚ ਮੈਦਾਨ ਕੁਰਬਾਨ ਹੋਏ,
ਦੋ ਨੀਂਹਾਂ ਦੇ ਵਿਚ ਚੁਣਵਾਇ ਗਏ ਨੇ।"
ਐਸੇ ਬਚਨ ਸੁਣ ਕੇ ਮਾਤਾ ਸਾਹਿਬ ਦੇਵਾਂ,
ਜਿਥੇ ਖੜੀ ਸੀ ਖੜੀ ਦੀ ਖੜੀ ਰਹਿ ਗਈ।
ਰੂਹ ਉਡ ਚਲੀ ਛੱਡ ਪਿੰਜਰੇ ਨੂੰ,
ਪਤੀ ਵੇਖ ਕੇ ਲਬਾਂ ਤੇ ਅੜੀ ਰਹਿ ਗਈ।
ਮਾਤਾ ਖੁੱਸਦੇ ਧੜਕਦੇ ਕਾਲਜੇ ਨੂੰ,
ਮੁਠ ਵਿਚ ਲੈ ਕੇ ਬਹਿ ਗਈ ਲੋਕੋ।
ਕੁੱਲ ਹਿਰਸ ਦੁਨੀਆਂ ਵਾਲੀ ਧੋਇ ਕੇ ਤੇ,
ਦਿੱਤਾ ਵਾਹਿਗੁਰੂ ਦਾ ਸਹਿ ਗਈ ਲੋਕੋ।
ਕੰਬੇ ਬਦਨ, ਅਖਾਂ ਅਗੇ ਫਿਰਨ ਤਾਰੇ,
ਜਗ ਵਾਲੜੀ ਆਸ ਉਮੀਦ ਟੁੱਟੀ।
ਰਾਣੀ ਇਛੱਰਾਂ ਦੇ ਵਾਂਗ ਸਾਹਿਬ ਦੇਵਾਂ,
ਘਰ ਬੈਠੇ ਬਿਠਾਇਆਂ ਹੀ ਗਈ ਲੁੱਟੀ।
ਰਾਣੀ ਇਛੱਰਾਂ ਤੇ ਮਾਤਾ ਸਾਹਿਬ ਦੇਵਾਂ,
ਦੇ ਵਿਛੋੜਿਆਂ ਦਾ ਮੇਲ ਜੁੜੇ ਨਾਹੀਂ।

ਓਹਦਾ ਇਕ 'ਪੂਰਨ' ਅੰਤ ਆਣ ਮਿਲਿਆ,
ਇਸ ਦੇ ਚਾਰ ਜਾ ਕੇ ਫੇਰ ਮੁੜੇ ਨਾਹੀਂ।
ਵੇਖ ਤੜਫ ਮਾਤਾ ਦੀਆਂ ਆਂਦਰਾਂ ਦੀ,
ਕਲਗੀਧਰ ਬੋਲੇ ਮਿਹਰਬਾਨ ਹੋ ਕੇ।
'ਅੱਖਾਂ ਮੀਟ ਕੇ ਭੋਲੀਏ ! ਖੇਲ ਰੱਬੀ,
ਜ਼ਰਾ ਵੇਖ ਖਾਂ ਅੰਤਰ ਧਿਆਨ ਹੋ ਕੇ।"
ਮਾਤਾ ਨੀਰ ਭਰੀਆਂ ਅੱਖਾਂ ਮੀਚੀਆਂ ਚਾ,
ਸਾਂਈਂ ਐਸਾ ਜਦੋਂ ਬਚਨ ਉਚਾਰਿਆ ਸੀ।
ਡਿੱਠਾ ਇਕ ਦਾਣਾ ਖਸ਼ਖਾਸ਼ ਜੇਡਾ,
ਅਰਸ਼ ਤੋਂ ਹੇਠਾਂ ਵਲ ਉਤਾਰਿਆ ਸੀ।
ਹੇਠਾਂ ਉਤਰ ਕੇ ਮਿਲ ਗਿਆ ਵਿਚ ਮਿੱਟੀ,
ਮਿੱਟੀ ਵਿਚ ਚਾ ਆਪਣਾ ਆਪ ਖੋਯਾ।
ਜਿਥੇ ਗੈਬ ਹੋ ਗਿਆ ਸੀ ਪਰ ਉਥੋਂ,
ਇਕ ਹਰਾ ਤਿਨਕਾ ਨਮੂਦਾਰ ਹੋਯਾ।
ਤਿਨਕਾ ਉਹ ਛੇਤੀ ਛੇਤੀ ਗਿਆ ਵਧਦਾ,
ਬਣਿਆ ਬੋਹੜ ਵੱਡਾ ਬੀਆਬਾਨ ਅੰਦਰ।
ਮਾਤਾ ਜੀ ਦੇ ਦੇਖਦੇ ਦੇਖਦੇ ਹੀ,
ਫੈਲ ਗਿਆ ਸਾਰੇ ਆਸਮਾਨ ਅੰਦਰ।
ਟਹਿਣੀ ਟਹਿਣੀ ਤੇ ਲੱਗੀਆਂ ਲਖ ਗੋਲ੍ਹਾਂ,
ਗੋਲ੍ਹ ਗੋਲ੍ਹ ਅੰਦਰ ਬੇ-ਸ਼ੁਮਾਰ ਦਾਣੇ।
ਮਾਤਾ ਦੇਖਦੀ ਬੜੀ ਅਸਚਰਜ ਹੋ ਕੇ,
ਨਾ ਅਗੰਮ ਦੀ ਖੇਲ ਦਾ ਭੇਤ ਜਾਣੇ।
ਦਸਮ ਗੁਰੂ ਨੇ ਆਖਿਆ 'ਖੋਲ੍ਹ ਅੱਖਾਂ,
ਸਾਨੂੰ ਦਸ ਕੌਤਕ ਜਿਹੜਾ ਦੇਖਿਆ ਸੀ।'
ਮਾਤਾ ਸਾਹਿਬ ਦੇਵਾਂ ਨੇ ਬਿਆਨ ਕੀਤਾ,
ਸਾਰਾ ਹਾਲ ਅੱਖੀਂ ਜੇਹੜਾ ਪੇਖਿਆ ਸੀ।
ਸਾਹਿਬ ਆਖਿਆ ਹੱਸ ਕੇ "ਇਕ ਦਾਣੇ,

ਤੋਂ ਅਨੇਕ ਦਾਣੇ ਜਿਵੇਂ ਹੋ ਗਏ ਨੇ।
ਅਰਬਾਂ ਦੀ ਗਿਣਤੀ ਵਿਚ ਲਾਲ ਤੇਰੇ,
ਫੈਲ ਜਾਣ ਵਾਲਾ ਬੀਜ ਬੋ ਗਏ ਨੇ।
ਭਾਵੇਂ ਜਾਪਦਾ ਹੈ ਉਤੋਂ ਬਾਲ ਤੇਰੇ,
ਡੇਰੇ ਕੂਚ ਏਥੋਂ ਸਦਾ ਲਈ ਕਰ ਗਏ।
ਐਪਰ ਦਰਅਸਲ ਸ਼ਕਲ ਨੂੰ ਬਦਲ ਕੇ ਤੇ,
ਸਾਰੇ ਖਾਲਸੇ ਵਿਚ ਪਰਵੇਸ਼ ਕਰ ਗਏ।
ਏਸ ਦਾਣੇ ਦੀ ਤਰ੍ਹਾਂ ਇਨਸਾਨ ਜੇਕਰ,
ਪਰ-ਉਪਕਾਰ ਪਿਛੇ ਜਿੰਦ ਵਾਰ ਦੇਵੇ।
ਹੈ ਕੁਰਬਾਨੀ ਦਾ ਅਸਰ ਕਿ ਸਮਾਂ ਪਾ ਕੇ,
ਤੇ ਸ਼ਹੀਦ ਪੈਦਾ ਬੇ-ਸ਼ੁਮਾਰ ਹੋਵੇ।
"ਰੂਹ ਸ਼ਹੀਦ ਦੀ ਜਦੋਂ ਸ਼ਹੀਦ ਹੋ ਕੇ।
ਖਾਲੀ ਪਿੰਜਰਾ ਪਿਛੇ ਤਿਆਗ ਜਾਵੇ।
ਘਰ ਘਰ ਦੇ ਵਿੱਚ ਪਰਵੇਸ਼ ਕਰ ਕੇ,
ਅਗਲੀ ਨਵੀਂ ਸ਼ਹੀਦੀ ਦੀ ਜਾਗ ਲਾਵੇ।
ਏਸੇ ਵਾਸਤੇ ਹੀ ਪਰਵਾਨਿਆਂ ਨੂੰ,
ਸੜਨ ਸ਼ਮਾਂ ਤੋਂ ਬਾਝ ਨਾ ਕੁਝ ਸੁੱਝੇ।
ਬਸ ਤਦੋਂ ਕਰਦੇ ਜਦੋਂ ਸ਼ਮਾਂ ਜ਼ਾਲਮ,
ਖੁਦ ਬਖੁਦ ਹੀ ਪਿਘਲ ਕੇ ਆਪ ਬੁਝੇ।
ਅਫ਼ਸੋਸ ਕੈਸਾ ? ਗੁਰੂ ਘਰ ਅੰਦਰ,
ਬਾਪ ਦਾਦਿਆਂ ਤੋਂ ਰਸਮ ਚਲੀ ਆਈ।
ਤਨ, ਮਨ, ਧਨ, ਆਪਣਾ ਸਮਝਿਆ ਨਾ,
ਸਿੱਖਾਂ ਨਾਲ ਜਿਸ ਦਿਨ ਦੀ ਪ੍ਰੀਤ ਪਾਈ।
ਹੈ ਖਾਲਸੇ ਨੂੰ ਮੈਂ ਪਿਉਂਦ ਲੌਣੀ,
ਵਾਰ ਆਪਣੇ ਏਸ ਤੋਂ ਪੁੱਤ ਸੱਕੇ।
ਮੇਰਾ ਖੂਨ ਕਰਸੀ ਇਨ੍ਹਾਂ ਵਿਚ ਜਾ ਕੇ,
ਰਿਸ਼ਤੇ ਗੁਰੂ ਸਿੱਖੀ ਵਾਲੇ ਹੋਰ ਪੱਕੇ।

"ਤੇਰੇ ਲਾਲ ਚਾਰੇ ਇਕ ਦਿਨ ਆਊ,
ਸੱਠ ਲੱਖ ਬਣ ਕੇ ਨਜ਼ਰ ਆਵਸਣਗੇ।
ਆਖਣਗੇ—"ਮਾਤਾ ਸਾਡੀ ਸਾਹਿਬ ਦੇਵਾਂ,
ਝੰਡਾ ਜਗ ਤੇ ਤੇਰਾ ਝੁਲਾਵਸਣਗੇ।
ਇਸ ਤੋਂ ਬਾਦ ਗਿਣਤੀ ਬੇਸ਼ੁਮਾਰ ਹੋਸੀ,
ਤੇਰੇ ਪੁੱਤਰਾਂ ਦੀ ਮੇਰੇ ਖਾਲਸੇ ਦੀ।
ਜਿਹੜਾ ਤਕੇਗਾ ਇਨ੍ਹਾਂ ਦੀ ਹਵਾ ਵੱਲੇ,
ਰੱਬੀ ਗੈਬ ਸ਼ਕਤੀ ਉਸ ਨੂੰ ਗਾਲਸੇਗੀ।
ਤਖਤ ਬਖਤ ਖੁਸ਼ਹਾਲੀ ਤੇ ਸ਼ਾਨ ਸ਼ੌਕਤ,
ਸਦਾ ਖਾਲਸੇ ਦੇ ਹਮ-ਰਕਾਬ ਹੋਸਣ।
ਇੱਜ਼ਤ ਲਈ ਹੋਸੀ, ਸੇਵਾ ਕਸਵੱਟੀ,
ਜਿਹੜੇ ਲਿੱਦ ਹੂੰਝਣ, ਸੋ ਨਵਾਬ ਹੋਸਣ।
ਰੱਖਣਗੇ ਦਿਲ ਵਿਚੋਂ ਵੈਰਾਗ ਭਰਿਆ,
ਤਖਤ ਤੇ ਬਹਿ ਕੇ ਕਰਸਣ ਰਾਜ ਭਾਵੇਂ।
ਲਾਸਣ ਸਾਧ ਸੰਗਤ ਵਾਲੀ ਧੂੜ ਮੱਥੇ,
ਸਿਰ ਤੇ ਹੀਰਿਆਂ ਦਾ ਹੋਸੀ ਤਾਜ ਭਾਵੇਂ।
"ਜਦੋਂ ਤੀਕ ਭੀ ਰਖੇਗਾ ਇਹ ਸਿਫਤਾਂ,
ਇੱਜ਼ਤ ਖਾਲਸੇ ਦੀ ਵਿਚ ਸੱਥ ਰਹਿਸੀ।
ਨਾਲ ਨਾਲ ਪਰਛਾਵੇਂ ਦੇ ਵਾਂਗ ਰਹਿਸਾਂ,
ਕੰਮਾਂ ਵਿੱਚ ਇਨ੍ਹਾਂ ਮੇਰਾ ਹੱਥ ਰਹਿਸੀ।"

••••

ਨੌਜਵਾਨ ਸਿੱਖਾ ! ਅੱਖਾਂ ਖੋਲ੍ਹ ਕੇ ਤੇ,
ਇਰਦ ਗਿਰਦ ਸਾਰੇ ਮਾਰ ਝਾਤ ਬੀਬਾ !
ਦੁੱਖਾਂ ਭਰੀ ਡਰਾਉਣੀ ਕਹਿਰ ਵਾਲੀ,
ਕੱਟੀ ਗਈ ਕਾਲੀ ਬੋਲੀ ਰਾਤ ਬੀਬਾ !
ਸਿੱਕ ਸਿੱਕ ਕੇ ਤੇ ਪ੍ਰਗਟ ਆਣ ਹੋਈ,
ਹੈ ਉਮੀਦ ਵਾਲੀ ਪਰਭਾਤ ਬੀਬਾ !
ਚੜ੍ਹਿਆ ਦਿਨ ਤੇ ਚਾਨਣ ਦੀ ਫਤਹ ਹੋਈ,

ਬਾਜ਼ੀ ਹੋਈ ਹਨੇਰ ਦੀ ਮਾਤ ਬੀਬਾ !
ਕਮਰ ਕੱਸ ਕੇ ਕੱਟ ਲੈ ਕਠਨ ਮੰਨਜ਼ਲ,
ਤੇਰੇ ਸਿਰ ਉੱਤੇ, ਤੇਰਾ ਸਾਹਿਬ ਸੱਚਾ !
ਪਾਣੀ ਵਾਂਗ ਪਹਾੜਾਂ ਨੂੰ ਚੀਰਦਾ ਜਾ,
ਅਸਲਾ ਸਮਝ ਤੂੰ ਸ਼ੇਰ ਦਾ ਹੈਂ ਬੱਚਾ !

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ

ਸੱਚੀਂ ਮੁਚੀਂ ਤੂੰ ਸ਼ੇਰ ਪੰਜਾਬ ਦਾ ਸੀ,
ਉਮਰ ਸ਼ੇਰਾਂ ਦੇ ਵਾਂਗ ਲੰਘਾਈ ਸੀ ਤੂੰ।
ਐਪਰ ਤੇਰਾ ਤੇ ਸ਼ੇਰ ਦਾ ਫਰਕ ਇਤਨਾ,
ਉਹ ਬੇਸੋਚ ਤੇ ਪੁਤਲਾ ਦਾਨਾਈ ਸੀ ਤੂੰ।
ਇਕ ਜਗ੍ਹਾ ਦੋ ਸ਼ੇਰ ਨਾ ਰਹਿਣ ਕੱਠੇ,
ਇਹ ਮਿਸਾਲ ਦੁਨੀਆਂ ਨੂੰ ਭੁਲਾਈ ਸੀ ਤੂੰ।
ਲੱਖਾਂ ਸ਼ੇਰਾਂ ਨੂੰ ਕੱਠਿਆਂ ਕਰ ਕੀਤੀ,
ਕੌਮ ਸ਼ੇਰਾਂ ਵਾਲੀ ਰਹਿਨੁਮਾਈ ਸੀ ਤੂੰ,
ਸ਼ੇਰ ਕਿਸੇ ਦੇ ਨਾਲ ਨਾ ਵੰਡ ਖਾਵਣ,
ਦੌਲਤ ਐਪਰ ਗਰੀਬਾਂ ਵੰਡਾਈ ਸੀ ਤੂੰ।
ਏਸ ਵਾਸਤੇ ਸ਼ੇਰ ਅਖਵਾ ਕੇ ਤੇ,
ਇੱਜ਼ਤ ਸ਼ੇਰ ਦੀ ਬਹੁਤ ਵਧਾਈ ਸੀ ਤੂੰ।
ਬਖਸ਼ਸ਼ ਰਹਿਮ ਇਨਸਾਫ ਤੇ ਬੀਰਤਾ ਦੀ,
ਧੁੰਮ ਸਾਰੇ ਜਹਾਨ ਤੇ ਪਾਈ ਸੀ ਤੂੰ।
ਕਿਧਰੇ ਪਿਆਰ ਤੇ ਨਾਲ ਤਲਵਾਰ ਕਿਧਰੇ,
ਜਿੱਤੀ ਗੱਲ ਕੀ ਸਾਰੀ ਖ਼ੁਦਾਈ ਸੀ ਤੂੰ।
ਇਕ ਵਾਰ ਵੀ ਨਾ ਵੈਰੀ ਕਿਸੇ ਕੋਲੋਂ,
ਸਾਰੀ ਉਮਰ ਅੰਦਰ ਹਾਰ ਖਾਈ ਸੀ ਤੂੰ।
ਇਕ ਵਾਰ ਵੀ ਨਾ ਦੋਸ਼ੀ ਕਿਸੇ ਤਾਈਂ,
ਸਜ਼ਾ ਮੌਤ ਦੀ ਮੂੰਹੋਂ ਸੁਣਾਈ ਸੀ ਤੂੰ।
ਚਲਦੇ ਪਾਣੀ ਨੇ ਅਟਕ ਕੇ ਰਾਹ ਦਿਤਾ,
ਘੋੜੀ ਅਟਕ ਵਿਚ ਜਦੋਂ ਕੁਦਾਈ ਸੀ ਤੂੰ।
ਗਿਆ ਦਰੋਂ ਨਾ ਤੇਰਿਓਂ ਕੋਈ ਖਾਲੀ,

ਲੋੜਵੰਦਿਆਂ ਦਾ ਹਾਤਮਤਾਈ ਸੀ ਤੂੰ।
ਆਪਣੇ ਸਮੇਂ ਦਾ ਚੌਣਵਾਂ ਸੂਰਮਾਂ ਸੀ,
ਸ਼ਾਹਾਂ ਖਾਨਾਂ ਤੋਂ ਈਨ ਮਨਾਈ ਸੀ ਤੂੰ।
ਜਿਸ ਨੇ ਸਦੀਆਂ ਤੋਂ ਦੇਸ਼ ਨੂੰ ਜਕੜਿਆ ਸੀ,
ਉਹ ਜ਼ੰਜੀਰ ਗੁਲਾਮੀ ਦੀ ਲਾਹੀ ਸੀ ਤੂੰ।
ਤੇਰੀ ਵਾਗ ਫੜ ਕੇ ਸੀ ਇਕਬਾਲ ਤੁਰਦਾ,
ਫਤਹ ਆਪਣੀ ਟਹਿਲਣ ਬਣਾਈ ਸੀ ਤੂੰ।
ਸੂਰਬੀਰਤਾ ਤੇਰੇ ਤੇ ਸੀ ਆਸ਼ਕ,
ਦਿਲ ਦੀ ਸੇਜ ਤੇ ਹਿੰਮਤ ਬਹਾਈ ਸੀ ਤੂੰ।
ਰੋਅਬ ਟਪਕਦਾ ਸੀ ਤੇਰੀ ਅੱਖ ਵਿਚੋਂ,
ਨਿਹੁੰ ਮੇਹਨਤਕਸ਼ੀ ਨਾਲ ਲਾਈ ਸੀ ਤੂੰ।
ਲਾਡਾਂ ਨਾਲ ਸੀ ਅੱਥਰਾ ਰਹਿਮ ਕੀਤਾ,
ਨੇਕੀ ਨਾਜ਼ ਦੇ ਨਾਲ ਪਲਵਾਈ ਸੀ ਤੂੰ।
ਦੀਨ ਦੁਖੀ ਗਰੀਬਾਂ ਦਾ ਆਸਰਾ ਸੀ ਤੂੰ,
ਹੈਂਕੜ ਖਾਨਾਂ ਦੀ ਧੌਣ ਨਿਵਾਈ ਸੀ ਤੂੰ।
ਕਾਬਲ ਝੰਡੇ ਝੁਲਾਏ ਪੰਜਾਬ ਵਾਲੇ,
ਚਿੜੀ ਬਾਜ਼ ਦੇ ਨਾਲ ਲੜਾਈ ਸੀ ਤੂੰ।
ਸਵਾ ਲਖ ਦੀ ਖਾਲਸਾਈ ਸ਼ਾਨ ਮੁੜ ਕੇ,
ਰੋਸ਼ਨ ਦੁਨੀਆਂ ਨੂੰ ਦਿਖਾਈ ਸੀ ਤੂੰ।
ਦੁਨੀਆਂਦਾਰੀ ਦੇ ਵਿਚ ਸੀ ਬੜਾ ਚਾਤਰ,
ਐਪਰ ਭਗਤੀ ਦੇ ਵਿਚ ਸੁਦਾਈ ਸੀ ਤੂੰ।
ਨਾਸ਼ ਹੋਣੀ ਸਰਬੰਸ ਪਰਵਾਨ ਕਰ ਕੇ,
ਆਪਣੇ ਗੁਰੂ ਦੀ ਗੌਰ ਬਣਾਈ ਸੀ ਤੂੰ।
ਸਿੱਕੇ ਤੇਰੇ ਪਰ ਗੁਰੂ ਦੇ ਨਾਮ ਉਤੇ,
ਹਉਮੈ ਮਾਰਨੀ ਸਮਝੀ ਵਡਿਆਈ ਸੀ ਤੂੰ।
ਹੋ ਗਈ ਸੀ "ਬੀਰ" ਪੰਜਾਬ ਰੰਡੀ,
ਕੀਤੀ ਜਦੋਂ ਪਰਲੋਕ ਚੜ੍ਹਾਈ ਸੀ ਤੂੰ।

ਇਕ ਸਿੱਖ ਲੜਕੀ ਅਤੇ ਗੁਰੂ ਅਰਜਨ ਦੇਵ

ਧੁਪ ਜੇਠ ਦੀ ਕੜਕਦੀ ਲੂਹੀ ਜਾਵੇ,
ਪੜ੍ਹ ਕੇ ਜਦੋਂ ਸਕੂਲ ਤੋਂ ਆਵਨੀ ਹਾਂ।
ਪੈਣ ਫੈਲੀਆਂ ਤੇ ਰੁਕੇ ਸਾਂਸ ਮੇਰਾ,
ਪਿੰਡਾ ਸੜੇ ਭਾਵੇਂ ਛਤਰੀ ਲਾਵਨੀ ਹਾਂ।
ਤਾਂਬੇ ਰੰਗ ਦੇ ਜ਼ਿਮੀਂ ਅਸਮਾਨ ਹੋਏ,
ਮੁੜ੍ਹਕਾ ਚੋਏ ਬੇ-ਦਿਲ ਹੁੰਦੀ ਜਾਵਨੀ ਹਾਂ।
ਪਹੁੰਚ ਘਰੀਂ ਸੁਟਾਂ ਛਤਰੀ ਕਿਤੇ ਬਸਤਾ,
ਲਸੀ ਪੀਆਂ ਠੰਡੇ ਪਾਣੀ ਨ੍ਹਾਵਨੀ ਹਾਂ।
ਐ ਸਿਰਤਾਜ ਸ਼ਹੀਦਾਂ ਦੇ ਗੁਰੂ ਅਰਜਨ,
ਚਿਟੇ ਦੁਧ ਵਰਗੇ ਡੇਹਰੇ ਸਾਹਿਬ ਵਾਲੇ।
ਐਸੀ ਰੁਤ ਅੰਦਰ ਸਚੇ ਪਾਤਸ਼ਾਹ,
ਤੱਤੇ ਤਵੇ ਤੇ ਜ਼ਫਰ ਤੂੰ ਕਿਵੇਂ ਜਾਲੇ ?

••••

ਚੌਂਕੇ ਵਿਚ ਕਿਧਰੇ ਕੰਮ ਕਰਦਿਆਂ ਦਾ,
ਤੱਤੇ ਤਵੇ ਨੂੰ ਹੱਥ ਜੇ ਲਗ ਜਾਵੇ।
ਪਵੇ ਉਡ ਕੇ ਛਿਟ ਜਾਂ ਦੇਜਕੇ ਤੋਂ,
ਸਾਰੇ ਬਦਨ ਅੰਦਰ ਲਗ ਅੱਗ ਜਾਵੇ।
ਪਾਣੀ ਉਬਲਦੇ ਦੀ ਪਵੇ ਚੁਲੀ ਕਿਧਰੇ,
ਸੜਨ ਫੈਲ ਸਾਰੇ ਰਗ ਰਗ ਜਾਵੇ।
ਐਨ ਯਾਦ ਆਵੇਂ ਓਦੋਂ ਗੁਰੂ ਅਰਜਨ,
ਨਦੀ ਨੀਰ ਦੀ ਨੈਣਾਂ ਚੋਂ ਵਗ ਜਾਵੇ।
ਮੈਥੋਂ ਵਧ ਕਿਤਨੇ ਗੁਣਾਂ ਸੋਹਲ ਹੋ ਕੇ,
ਤੱਤੇ ਤਵੇ ਤੇ ਚੌਂਕੜੀ ਕਿਵੇਂ ਮਾਰੀ।

ਕਿਵੇਂ ਬੈਠਿਓਂ ਉਬਲਦੀ ਦੇਗ ਅੰਦਰ,
ਮੇਰੀ ਸੋਚਦੀ ਸੋਚਦੀ ਅਕਲ ਹਾਰੀ।

••••

ਲੋਹੜੇ ਪੈਹਰ ਜਾਵਨ ਭੱਠੀ ਵਲ ਕੁੜੀਆਂ,
ਜਦੋਂ ਝੋਲੀਆਂ 'ਚ ਦਾਣੇ ਪਾਇਕੇ ਤੇ।
ਆਖਣ ਵੇ ਭਾਈ ਸਾਡੇ ਭੁੰਨ ਦੇਵੀਂ,
ਦਾਣੇ ਖੂਬ ਭੱਠੀ ਨੂੰ ਤਪਾਏ ਕੇ ਤੇ।
ਲਗੇ ਰੇਤ ਜਦੋਂ ਤੱਤੀ ਦਾਣਿਆਂ ਨੂੰ,
ਤੜਫ ਉਠਦੇ ਨੇ ਤੜਤੜਾਏ ਕੇ ਤੇ।
ਦਾਣੇ ਭੁਜਦੇ ਵੇਖ ਕੇ, ਗੁਰੂ ਅਰਜਨ,
ਸਾਨੂੰ ਯਾਦ ਭੂੰਨੇ ਤੇਰੀ ਆਏ ਕੇ ਤੇ।
ਤੱਤੀ ਰੇਤ ਨੇ ਤੇਰੇ ਤੇ ਪੈ ਪੈ ਕੇ,
ਕੀਤਾ ਦਾਣਿਆਂ ਦੇ ਵਾਂਗ ਹਾਲ ਤੇਰਾ।
ਸੁਣਿਆ ਜਾਏ ਨਾ ਸਾਕੇ ਦਾ ਹਾਲ ਤੇਰਾ,
ਦੁਖੀ ਹੋ ਗਿਆ ਏ ਵਾਲ ਵਾਲ ਮੇਰਾ।

••••

ਰਾਤ ਜੇਠ ਦੀ ਹੁੰਦੀ ਹੈ ਕਹਿਰ ਵ਼ਾਲੀ,
ਜਦੋਂ ਸਿਖਰ ਕੋਠੇ ਪੈਰ ਧਰੀਦਾ ਏ।
ਤਪਣ ਬੰਨੇ ਬੰਨੇਰੇ ਤੰਦੂਰ ਵਾਂਗਰ,
ਪਾਣੀ ਪੀ ਪੀ ਕੇ ਪੇਟ ਭਰੀਦਾ ਏ।
ਸੜੀਆਂ ਹੋਈਆਂ ਵਛਾਈਆਂ ਤੋਂ ਸੇਕ ਨਿਕਲੇ,
ਪਰਤ ਪਰਤ ਪਾਸੇ ਕਸ਼ਟ ਜਰੀਦਾ ਏ।
ਲਾਲ ਖੂਹ ਵਾਲਾ ਸਾਕਾ ਤਦੋਂ ਤੇਰਾ,
ਨਾਲ ਹੋਕਿਆਂ ਦੇ ਯਾਦ ਕਰੀਦਾ ਏ।
ਯਾਦ ਕਰੀ ਦਾ ਏ ਸਾਕਾ ਦਰਦ ਵਾਲਾ,
ਬੇਕਲ ਤਾਰਿਆਂ ਦੇ ਵਾਂਗ ਹੋਈਦਾ ਏ।
ਸੋਮੇਂ ਨੈਣਾਂ ਦਿਆਂ ਵਿਚੋਂ ਨੀਰ ਭਰ ਭਰ,
ਤੇਰੇ ਛਾਲਿਆਂ ਨੂੰ ਰੋ ਰੋ ਧੋਈਦਾ ਏ।

ਮੈਨੂੰ ਪਤਾ ਨਾਹੀਂ ਹਛੀ ਤਰ੍ਹਾਂ ਤੇਰੀ,
ਪਿਤਾ ! ਕਿਵੇਂ ਸ਼ਹੀਦੀ ਮਨਾਈਦੀ ਏ।
ਅਲ੍ਹੜ ਹਾਂ ਨਾ ਜਾਣਾ ਕਿ ਕਿਵੇਂ ਤੈਥੋਂ,
ਸਿਖੀ ਸਿਦਕ ਵਾਲੀ ਦਾਤ ਪਾਈਦੀ ਏ।
ਏਹਨਾਂ ਦਿਨਾਂ ਵਿਚ ਤੇਰੀ ਤਸਵੀਰ ਅਗੇ,
ਗਰਦਨ ਰੋ ਰੋ ਰੋਜ਼ ਝੁਕਾਈਦੀ ਏ।
ਛੋਟੇ ਭੈਣਾਂ ਤੇ ਵੀਰਾਂ ਨੂੰ ਕਥਾ ਤੇਰੀ,
ਕਰਕੇ ਕੱਠਿਆਂ ਰੋਜ਼ ਸੁਣਾਈਦੀ ਏ।
ਧੰਨ 'ਬੀਰ' ਸੈਂ ਗੁਰੂ 'ਸੁਖਮਨੀ' ਵਾਲੇ,
ਭਾਣਾ ਮੰਨ ਕੇ ਜਗ ਨੂੰ ਦਸਦਾ ਸੈਂ।
ਸੁਖਨ ਸਿਰਾਂ ਦੇ ਨਾਲ ਨਿਭਾਣ ਖਾਤਰ,
ਤੱਤੇ ਤਵੇ ਤੇ ਬੈਠ ਕੇ ਹੱਸਦਾ ਸੈਂ।

ਸਾਕਾ ਨਨਕਾਣਾ ਸਾਹਿਬ

(ਇਹ ਕਵਿਤਾ ਉਸ ਭਾਰੀ ਦੀਵਾਨ ਅੰਦਰ, ਜੋ ਕਿ ਸ਼ਹੀਦਾਂ ਦੀ ਯਾਦ ਵਿਚ ਨਨਕਾਣੇ ਸਾਹਿਬ ਪਹਿਲੀ ਵਾਰ ਉਚੇਚਾ ਸਜਾਇਆ ਗਿਆ, ਕੌਮ ਦੇ ਮਹਾਨ ਇਕੱਠ ਸਾਹਮਣੇ ਪੜ੍ਹੀ ਗਈ)

ਕਿਸੇ ਕਿਹਾ ਪਤੰਗ ਨੂੰ 'ਛਡ ਦੇਵੇ,
ਰਸਮ ਸ਼ਮਾਂ ਉਤੇ ਸੜ ਜਾਣ ਵਾਲੀ।
ਜੇੜ੍ਹਾ ਗਲੇ ਲਾਵੇ ਉਸ ਨੂੰ ਸਾੜ ਸੁਟੇ,
ਸ਼ਮਾਂ ਹਤਿਆਰੀ ਐਡੇ ਮਾਣ ਵਾਲੀ।'
ਅਗੋਂ ਕਿਹਾ ਪਤੰਗ ਨੇ 'ਨਹੀਂ ਲਗੀ,
ਤੈਨੂੰ ਚੋਟ ਪ੍ਰੇਮ ਦੇ ਬਾਣ ਵਾਲੀ।
ਸਾਰੇ ਆਸ਼ਕਾਂ ਪਾਸ ਦਵਾ ਇਕੋ,
ਸਿਰ ਦੇਇ ਕੇ ਯਾਰ ਮਨਾਣ ਵਾਲੀ।
ਸਾਨੂੰ ਸੱਤਿਆਂ ਨੂੰ ਮੱਤੀਂ ਦੇਵਨਾ ਏਂ,
ਰੱਤਾ ਸੋਚ ਖਾਂ ਨੀਵਾਂ ਧਿਆਨ ਪਾ ਕੇ।
ਲਛਮਣ ਸਿੰਘ ਨੇ ਯਾਰ ਦੀ ਖੁਸ਼ੀ ਪਿਛੇ,
ਕੀਤਾ ਕੀ ਨਨਕਾਣੇ ਦੇ ਵਿਚ ਜਾ ਕੇ ?
ਪਹਿਲਾਂ ਹਜ਼ਰਤ ਮਸੀਹ ਪਰਭਾਤ ਵੇਲੇ,
ਹੱਥ ਵਿਚ ਲੈ ਫੁਲਾਂ ਦੇ ਹਾਰ ਆਏ।
ਮਗਰੋਂ ਹਸਨ ਹੁਸੈਨ ਭਰਾ ਦੋਵੇਂ,
ਸਿਰ ਤੇ ਕੇਸਰੀ ਬੰਨ੍ਹ ਦਸਤਾਰ ਆਏ।
ਫਿਰ ਮਨਸੂਰ ਤੇ ਸ਼ੱਮਸ ਤਬਰੇਜ਼ ਮਿਲ ਕੇ,
ਪਹੁ ਫੁਟਦਿਆਂ ਹੀ ਦੋਵੇਂ ਯਾਰ ਆਏ।
ਇਸ ਦੇ ਬਾਦ ਹਕੀਕਤ ਰਾਇ ਆਇਆ,

ਸਾਹਿਬਜ਼ਾਦੇ ਵੀ ਸਿੱਖਾਂ ਦੇ ਚਾਰ ਆਏ।
ਗੁਰੂ ਤੇਗ ਬਹਾਦਰ ਤੇ ਗੁਰੂ ਅਰਜਨ,
ਫੇਰ ਕਈਆਂ ਸ਼ਹੀਦਾਂ ਦੇ ਨਾਲ ਆ ਗਏ।
ਸਭ ਦੇ ਬਾਦ ਸ਼ਹਿਨਸ਼ਾਹ ਗੁਰੂ ਦਸਵੇਂ,
ਲਾਣ ਨਾਲ ਛਾਤੀ ਆਪਣੇ ਲਾਲ ਆ ਗਏ।

••••

ਹੈ ਕਾਇਦਾ ਸੁਬਹ ਸਵੇਰ ਵੇਲੇ,
ਸਾਰੇ ਵਾਹਿਗੁਰੂ ਦਾ ਧੰਨਵਾਦ ਕਰਦੇ।
ਸਿਖ ਲਾਇਕੇ ਆਸਾ ਦੀ ਵਾਰ ਓਦੋਂ,
ਸਿਰਜਨਹਾਰ ਜੀ ਦੇ ਜਸ ਯਾਦ ਕਰਦੇ।
ਦਸ ਫੱਗਣ ਦੀ ਸੁਬਹ ਨੂੰ ਨਨਕਾਣੇ,
ਕਾਤਲ ਕੱਠਾ ਬਰੂਦ ਫੌਲਾਦ ਕਰਦੇ।
ਸਿਖਾਂ ਦੀ ਬਕਰੀਦ ਮਨਾਣ ਖਾਤਰ,
ਛੁਰੀਆਂ ਛਵੀਆਂ ਸੀ ਤੇਜ਼ ਜਲਾਦ ਕਰਦੇ।
ਆਈ ਕਹਿਰ ਦੀ ਘੜੀ, ਤੇ ਘੜੀ ਅੰਦਰ,
ਦੋ ਸੌ ਸਿਦਕੀਆਂ ਸਿੰਘਾਂ ਦੇ ਢੇਰ ਲਗੇ।
ਸਾੜੇ ਸਿਸਕਦੇ ਹੀ ਪਾ ਕੇ ਤੇਲ ਕਿਉਂਕਿ,
ਚੰਗੀ ਤਰ੍ਹਾਂ ਮਾਰਨ ਅੰਦਰ ਦੇਰ ਲੱਗੇ।

••••

ਖ਼ੂਨੀ ਫੜ ਭਾਈ ਲਛਮਨ ਸਿੰਘ ਜੀ ਨੂੰ,
ਲਗੇ ਧੜ ਤੋਂ ਸੀਸ ਉਤਾਰਨੇ ਜਾਂ।
ਭਾਈ ਸਾਹਿਬ ਜੀ ਨੇ ਧੰਨਵਾਦ ਕੀਤਾ,
ਅਪਣੇ ਕਾਤਲਾਂ ਦਾ, ਲਗੇ ਮਾਰਨੇ ਜਾਂ।
'ਕੀ ਸਬਬ ਸਿਖਾ ?' ਤਾਂ ਮਹੰਤ ਪੁਛੇ,
'ਕਿਉਂ ਜਲਾਲ ਦੇ ਕਹੇਂ ਕਿ ਵਾਰਨੇ ਜਾਂ ?'
ਭਾਈ ਸਾਹਿਬ ਕਿਹਾ 'ਮੈਨੂੰ ਜ਼ਿਦ੍ਹੀ ਰਾਹੀਂ,
ਮਿਲਸੀ ਗੁਰੂ ਉਸ ਦੇ ਬਲਿਹਾਰਨੇ ਜਾਂ।'
ਸਿਦਕ ਦੇਖ ਸਾਰੇ ਜਥੇ ਨੇ ਲਾਏ,

ਸਤਿ ਸ੍ਰੀ ਅਕਾਲ ਦੇ ਜੈਕਾਰੇ।
'ਧੰਨ ਗੁਰੂ ਨਾਨਕ' ਕਹਿੰਦੇ ਹੀ ਕਹਿੰਦੇ,
ਗਏ ਯਾਰ ਦੇ ਬੂਹੇ ਤੇ ਸਭ ਮਾਰੇ।

••••

ਲੱਛਮਣ ਸਿੰਘ ਜੀ ! ਕੀ ਰਿਹਾ ਅੰਤ ਵੇਲੇ,
ਪੰਥ ਖਾਲਸੇ ਦਾ ਹੁਕਮ ਯਾਦ ਤੈਨੂੰ।
ਤੇਰੇ ਹੁਕਮ ਮੂਜਬ ਰਿਹਾ ਚੁਪ ਜੱਥਾ,
ਕੋਹੰਦੇ ਸਾਹਮਣੇ ਵੇਖ ਜਲਾਦ ਤੈਨੂੰ।
ਤੇਰੀ ਲਾਸ਼ ਭੀ ਜ਼ਰਾ ਨ ਮੂਲ ਤੜਫੀ,
ਕੀਤਾ ਜ਼ਿਬਾਹ ਸੀ ਜਦੋਂ ਸੱਯਾਦ ਤੈਨੂੰ।
ਹੱਥ ਚੁਕਿਆ ਨਾ ਮਾਰੇ ਗਏ ਸਾਰੇ,
ਪਰ ਸੁਣਾਈ ਨਾ ਕਿਸੇ ਫਰਯਾਦ ਤੈਨੂੰ।
ਦੁਨੀਆਂ ! ਦੇਖ ਲੈ ਸਿਖਾਂ ਨੂੰ ਵੱਲ ਆਵੇ,
ਜਿਥੇ ਮਾਰਨੇ ਦਾ ਓਥੇ ਮਰਨ ਦਾ ਭੀ।
ਜੇਕਰ ਸੂਰਮੇ ਵਾਂਗ ਤਲਵਾਰ ਮਾਰਨ,
ਸੰਤਾਂ ਵਾਂਗ ਜਾਨਣ ਵੱਲ ਜਰਨ ਦਾ ਭੀ।

••••

ਕਿਸੇ ਕਿਹਾ ਦਲੀਪ ਸਿੰਘ ਨੂੰ, 'ਤੇਰੇ
ਗੁਰੂ ਘਰ ਅੰਦਰ ਪਏ ਵੀਰ ਮਰਦੇ।
ਲਟਕਣ ਨਾਲ ਦਰਖਤਾਂ ਤੇ ਸਿਖ ਪੁਠੇ,
ਹੇਠੋਂ ਅੱਗ ਦੇ ਭਾਂਬੜ ਪਏ ਬਲਦੇ।
ਸੁਣ ਕੇ ਸੂਰਮੇਂ ਨੇ ਅਰਦਾਸ ਸੋਧੀ,
ਮਿਲ ਕੇ ਸਭ ਜਥੇ ਵਾਲੇ ਕੂਚ ਕਰਦੇ।
ਵੇਖੋ ਇਸ਼ਕ ਦੇ ਚਾਟੜੇ ਆਣ ਪਹੁੰਚੇ,
ਘਰ ਕਾਤਲਾਂ ਦਾ ਲੱਭਦੇ ਲੱਭਦੇ।
ਮਾਰੇ ਗਏ ਰਲ ਕੇ, ਪੁਛਣ ਅਕਲ ਵਾਲੇ,
'ਕੀ ਫਾਇਦਾ ਇੰਜ ਮਰ ਜਾਵਣੇ ਦਾ।
ਉੱਤਰ ਏਸ ਦਾ ਪੁਛੋ ਪਤੰਗੇ ਕੋਲੋਂ,

ਕੀ ਸਵਾਦ ਹੈ ਅੰਗ ਜਲਾਵਣੇ ਦਾ ?

••••

ਜੇਕਰ ਪਤਾ ਹੁੰਦਾ ਸਾਨੂੰ ਸੱਜਣਾ ਵੇ,
ਅਸੀਂ ਵੀ ਸਾਰੇ ਤੇਰੇ ਨਾਲ ਔਂਦੇ।
ਸੁਣ ਕੇ ਮਾਹੀ ਦਾ ਸੱਦੜਾ ਵਾਂਗ ਤੇਰੇ,
ਅਸੀਂ ਭੀ ਨਾ ਖੁਸ਼ੀ ਦੇ ਵਿਚ ਮੌਂਦੇ।
"ਜਾਵੇ ਸਿਰ, ਜਾਵੇ ਸਿੱਖੀ ਸਿਦਕ ਨਾਹੀਂ"
ਤੇਰੇ ਨਾਲ ਦਲੀਪ ਸਿੰਘ ਜੀ ! ਗੌਂਦੇ।
ਕਤਲਗਾਹ ਅੰਦਰ ਪਾਸੇ ਧਰਮ ਦੇ ਤੇ,
ਸਿਰਾਂ ਧੜਾਂ ਵਾਲੀ ਬਾਜ਼ੀ ਚਾ ਲੈਂਦੇ।
ਤੇਰੀ ਤਰ੍ਹਾਂ ਕਹਿੰਦੇ ਕਾਤਲ ਨੂੰ 'ਵੀਰਾ'
ਕੰਬਲ ਸੁਟ ਮੋਢੇ ਉਤੋਂ ਪਾੜ ਚੋਲੀ।
'ਛੱਡ ਦੇਹ ਸਾਰੇ ਸਿਖਾਂ ਨੂੰ, ਨਹੀਂ ਤਾਂ,
ਅਸੀਂ ਭੀ ਸਿਖ ਹਾਂ, ਸਾਨੂੰ ਮਾਰ ਗੋਲੀ।

••••

ਐ ਨਨਕਾਣੇ ਦੇ ਵਾਸੀਓ, ਯਾਰ ਦੱਸੋ,
ਅਸੀਂ ਪੁਛਿਆ ਅੱਡ ਕੇ ਝੋਲੀਆਂ ਨੇ।
ਕਿਥੇ ਖੜੇ ਹੋ ਕੇ ਤੇ ਦਲੀਪ ਸਿੰਘ ਜੀ,
ਸਾਡੇ ਵਾਸਤੇ ਖਾਧੀਆਂ ਗੋਲੀਆਂ ਨੇ।
ਲਛਮਣ ਸਿੰਘ ਸੜਿਆ ਕਿਥੇ ਧਰਮ ਪਿਛੇ,
ਕਿਥੇ ਖਾਲਸੇ ਨੇ ਜਿੰਦਾਂ ਘੋਲੀਆਂ ਨੇ ?
ਸਮਝ ਸਿੱਖਾਂ ਦਾ ਲਹੂ ਗੁਲਾਲ ਕਿਥੇ,
ਇਸ ਮਹੰਤ ਨੇ ਖੇਲ੍ਹੀਆਂ ਹੋਲੀਆਂ ਨੇ ?
ਸਦਾ ਵਾਸਤੇ ਰੁੱਸ ਜੋ ਗਏ ਸਾਥੋਂ,
ਅਸੀਂ ਉਨ੍ਹਾਂ ਦੀ ਯਾਦ ਮਨਾਣ ਆਏ।
ਸਿੱਖ ਆਪਣੇ ਮੱਕੇ ਦੇ ਵਿਚ ਰਲ ਕੇ,
ਅੱਜ ਕਰਬਲਾ ਨਵੀਂ ਬਨਾਣ ਆਏ।

••••

ਹੈ ਹਨ੍ਹੇਰ ਕਿ ਗਾਜਰਾਂ ਵਾਂਗ ਵੱਢੇ,
ਇਸ ਮਹੰਤ ਨੇ ਸਿੰਘਾਂ ਦੇ ਲਾਲ ਫੜ ਕੇ।
ਵਾਂਗ ਲੱਕੜਾਂ ਸਿੰਘਾਂ ਨੂੰ ਪੜਵਾਯਾ,
ਹਾ ਬੇਦਰਦ ! ਕੁਲਹਾੜਿਆਂ ਨਾਲ ਫੜ ਕੇ।
ਲਛਮਣ ਸਿੰਘ ਦਾ ਸਿਰ ਲਟਕਾਈ ਫਿਰਿਆ,
ਕਾਤਲ, ਹੱਥ ਵਿਚ ਉਸ ਦੇ ਵਾਲ ਫੜ ਕੇ।
ਇਸ ਮਹੰਤ ਨੇ ਢੋਲ ਵਜਾ ਸਾਡਾ,
'ਝੁੱਗਾ ਲੁਟਿਆ ਹੱਥ ਮਸ਼ਾਲ ਫੜ ਕੇ।
ਜੇ ਵਿਰਲਾਪ ਕਰੀਏ ਸਿਖੀ ਸਿਦਕ ਜਾਏ,
ਕਰੀਏ ਚੁਪ, ਜਾਏ ਕਸ਼ਟ ਝੱਲਿਆ ਨਾ।
ਬਾਜਾਂ ਵਾਲਿਆ ਗੁਰੂ ! ਮਜਬੂਰ ਹੋ ਗਏ,
ਸਾਡਾ ਰੋਣ ਸਾਥੋਂ ਜਾਵੇ ਠੱਲ੍ਹਿਆ ਨਾ।

••••

ਲੋਕੀ ਕਹਿਣ ਨਾਨਕ ਗੁਰੂ ਦੀ ਨਗਰੀ,
ਅੰਦਰ ਗਏ ਐਨੇ ਉਹਦੇ ਸਿਖ ਮਾਰੇ।
ਨਹੀਂ ! ਨਹੀਂ ! ਉਹ ਤਾਂ ਸਗੋਂ ਅਮਰ ਹੋ ਗਏ,
ਛੱਡ ਗਏ ਸਾਨੂੰ ਮੰਦੇ ਹਾਲ ਸਾਰੇ।
ਪਏ ਵੱਜਦੇ ਨੇ ਸੱਚਖੰਡ ਅੰਦਰ,
ਸਤਿ ਸ੍ਰੀ ਅਕਾਲ ਦੇ ਜੈਕਾਰੇ।
ਓਸੇ ਰਾਤ ਤੋਂ ਹੈਣ ਅਕਾਸ਼ ਅੰਦਰ,
ਹੁਣ ਨਿਕਲਦੇ ਦੋ ਸੈ ਵਧ ਤਾਰੇ।
ਜਦੋਂ ਤੀਕ ਹੈ ਸਿੱਖਾਂ ਦੀ ਕੌਮ ਕਾਇਮ,
ਜਦੋਂ ਤੀਕ ਇਸ ਦਾ ਸਿਰਜਨਹਾਰ ਕਾਇਮ।
ਤਦੋਂ ਤੀਕ ਰਹਿਸੀ ਲੱਛਮਣ ਸਿੰਘ ਜੀ ਦੇ,
ਜੱਥੇ ਸਿਦਕੀਏ ਦੀ ਯਾਦਗਾਰ ਕਾਇਮ।

••••

ਦੁਨੀਆਂ ! ਵੇਖ ਲੈ ਸਿੱਖਾਂ ਨੂੰ ਵੱਲ ਆਵੇ,
ਜਿਥੇ ਮਾਰਨੇ ਦਾ ਓਥੇ ਮਰਨ ਦਾ ਭੀ।

ਜੇਕਰ ਸੂਰਮੇ ਵਾਂਗ ਤਲਵਾਰ ਮਾਰਨ,
ਸੰਤ ਵਾਂਗ ਜਾਨਣ ਵੱਲ ਜਰਨ ਦਾ ਭੀ।
ਮੂੰਹ ਦੇ ਇਕ ਪਾਸੇ ਤੇ ਚੁਪੇੜ ਖਾ ਕੇ,
ਜਾਨਣ ਵੱਲ ਦੂਜਾ ਅੱਗੇ ਕਰਨ ਦਾ ਭੀ।
ਨਾਲੇ ਵੱਲ ਜਾਨਣ ਦੀਪ ਸਿੰਘ ਵਾਂਗਰ,
ਸਿਰ ਤਲੀ ਤੇ ਰੱਖ ਕੇ ਲੜਨ ਦਾ ਭੀ।
ਅੰਮ੍ਰਿਤ ਦੀ ਸ਼ਕਤੀ ਪਈ ਜ਼ਾਹਰ ਹੋਵੇ,
ਜੇਕਰ ਇਕ ਪਾਸੇ ਬੀਰ-ਰਸ ਅੰਦਰ।
ਦੂਜੀ ਤਰਫ ਹੋਵੇ ਜ਼ਾਹਰ ਸਬਰ ਅੰਦਰ,
ਸ਼ਾਂਤਮਈ ਅੰਦਰ, ਹਰੀ ਜਸ ਅੰਦਰ।

ਮੋਰਚਾ ਸ਼ਹੀਦ ਗੰਜ

(ਗੁ: ਸ਼ਹੀਦ ਗੰਜ ੧੯੩੫ ਦੇ ਮੋਰਚੇ ਤੇ ਬਾਹਰੋਂ ਆਏ
ਸਿੰਘਾਂ ਦੇ ਜਥਿਆਂ ਦੀ ਭੇਟਾ)

ਜੇਹੜੇ ਧਰਮ ਲਈ ਮਰ ਜਾਂਦੇ, ਜੀਵਨ-ਪਦਵੀ ਪਾਂਦੇ ਨੇ।
ਆਪਣੇ ਸਿਰ ਨੀਂਹਾਂ ਵਿਚ ਦੇ ਕੇ ਕੌਮੀ ਕਿਲੇ ਬਣਾਂਦੇ ਨੇ।
ਓਹਲੇ ਨਜ਼ਰਾਂ ਤੋਂ ਹੋ ਜਾਵਣ।
ਆਪਣਾ ਸੂਖਮ ਰੂਪ ਬਨਾਵਣ।
ਕੌਮੀ ਦਿਲਾਂ ਤੇ ਸੇਜ ਵਛਾਵਣ।
ਅੱਖੀਆਂ ਵਿਚ ਸਮਾਂਦੇ ਨੇ।
ਜੇਹੜੇ ਧਰਮ ਲਈ ਮਰ ਜਾਂਦੇ, ਜੀਵਨ-ਪਦਵੀ ਪਾਂਦੇ ਨੇ।
ਆਸ਼ਕ ਮਰਨੋਂ ਕਦੀ ਨਾ ਡਰਦੇ।
ਸੇਹਰੇ ਬੰਨ੍ਹ ਅਜ਼ਲ ਨੂੰ ਵਰਦੇ।
ਚਰਖੀ ਚੜ੍ਹਨ ਮਜਾਖਾਂ ਕਰਦੇ।
ਮਰ ਕੇ ਸ਼ੁਕਰ ਮਨਾਂਦੇ ਨੇ।
ਜੇਹੜੇ ਧਰਮ ਲਈ ਮਰ ਜਾਂਦੇ, ਜੀਵਨ-ਪਦਵੀ ਪਾਂਦੇ ਨੇ।
ਰੱਸੀ ਵਾਂਗ ਭਾਵੇਂ ਸੜ ਜਾਵਣ।
ਸਿਦਕੀ ਵੱਟ ਨਾ ਮੂਲ ਗਵਾਵਣ।
ਆਪਣੇ ਹੱਠ ਉਤੇ ਜਦ ਆਵਣ।
ਬੰਦ ਬੰਦ ਚਾ ਕੱਟਵਾਂਦੇ ਨੇ।
ਜੇਹੜੇ ਧਰਮ ਲਈ ਮਰ ਜਾਂਦੇ, ਜੀਵਨ-ਪਦਵੀ ਪਾਂਦੇ ਨੇ।
ਜਦ ਸੀ ਰੁਤ ਜ਼ੁਲਮ ਦੀ ਆਈ।
ਤਾਰੂ ਸਿੰਘ ਸ਼ਹੀਦੀ ਪਾਈ।
ਹੱਸ ਹੱਸ ਖੋਪਰੀ ਚਾ ਉਤਰਾਈ।

ਲੋਕੀ ਵਾਰਾਂ ਗਾਂਦੇ ਨੇ।
ਜੇਹੜੇ ਧਰਮ ਲਈ ਮਰ ਜਾਂਦੇ, ਜੀਵਨ-ਪਦਵੀ ਪਾਂਦੇ ਨੇ।
ਸਿੰਘਣੀਆਂ ਨੇ ਮਣ ਮਣ ਪੀਹ ਕੇ।
ਲੋਟੇ ਇਕ ਪਾਣੀ ਤੇ ਜੀ ਕੇ।
ਲਾਲ ਕੁਹਾ ਕੇ, ਐਂਤਰ ਥੀ ਕੇ।
ਸਿਦਕ ਹੁਲਾਰੇ ਆਂਦੇ ਨੇ।
ਜੇਹੜੇ ਧਰਮ ਲਈ ਮਰ ਜਾਂਦੇ, ਜੀਵਨ-ਪਦਵੀ ਪਾਂਦੇ ਨੇ।
ਜਦ ਵੀ ਪਾਪ ਧਰਮ ਨੂੰ ਘੂਰੇ।
ਆਪਣੇ ਸਭ ਸੁਖ ਵਾਰਨ ਸੂਰੇ।
ਪੁਰਜ਼ੇ ਪੁਰਜ਼ੇ ਚੂਰੇ ਚੂਰੇ।
ਹੋ ਕੇ ਪਾਪ ਮਿਟਾਂਦੇ ਨੇ।
ਜੇਹੜੇ ਧਰਮ ਲਈ ਮਰ ਜਾਂਦੇ, ਜੀਵਨ-ਪਦਵੀ ਪਾਂਦੇ ਨੇ।
ਜ਼ਾਲਮ ਧਰਮ ਦਾ ਖੁਰਾ ਮਿਟਾਵਣ।
ਨੀਹਾਂ ਹੇਠ ਸ਼ਹੀਦ ਲੁਕਾਵਣ।
ਏਹ ਨਾ ਪਤਾ ਕਿ ਧਰਮ ਵਧਾਵਣ।
ਪੱਕੀਆਂ ਜੜ੍ਹਾਂ ਲਗਾਂਦੇ ਨੇ।
ਜੇਹੜੇ ਧਰਮ ਲਈ ਮਰ ਜਾਂਦੇ, ਜੀਵਨ-ਪਦਵੀ ਪਾਂਦੇ ਨੇ।
ਜੇਹੜਾ ਹੱਕ ਸਿੱਖਾਂ ਦਾ ਖੋਵੇ।
ਰਾਜਾ ਹੋਵੇ, ਪਰਜਾ ਹੋਵੇ।
ਪਿਛੋਂ ਤਲੀਆਂ ਮਲ ਮਲ ਰੋਵੇ।
ਐਸੇ ਚਨੇ ਚਬਾਂਦੇ ਨੇ।
ਜੇਹੜੇ ਧਰਮ ਲਈ ਮਰ ਜਾਂਦੇ, ਜੀਵਨ-ਪਦਵੀ ਪਾਂਦੇ ਨੇ।
ਸਿਖੀ ਰੁਖੜਾ ਦੁਖ ਵਿਚ ਪਲਦਾ।
ਇਸ ਨੂੰ ਕੰਮ ਦੇਵੇ ਲਹੂ ਜਲ ਦਾ।
ਜਿੰਨਾਂ ਕਈਏ ਓਨਾਂ ਫਲਦਾ।
'ਬੀਰ' ਸਿਆਣੇ ਆਂਹਦੇ ਨੇ।
ਜੇਹੜੇ ਧਰਮ ਲਈ ਮਰ ਜਾਂਦੇ, ਜੀਵਨ-ਪਦਵੀ ਪਾਂਦੇ ਨੇ।

ਖਾਲਸੇ ਦੀ ਸ਼ਾਨ ਤੇ ਗਿਰਾਵਟ

ਤੂਹੀਓਂ ਖਾਲਸਾ ਕੌਮ ਚਾ ਦੱਸ ਮੈਨੂੰ,
ਦਸਾਂ 'ਐਬ' ਯਾ ਕੇ ਤੇਰੀ 'ਸਿਫਤ' ਗਾਵਾਂ।
ਦੱਸਾਂ ਸ਼ਾਨ ਤੇਰੇ 'ਇਤਫਾਕ' ਵਾਲੀ,
ਯਾ ਕਿ ਤੇਰੇ 'ਨਿਫਾਕ' ਦੇ ਵੈਣ ਪਾਵਾਂ।
ਦਸਾਂ ਖਿਚ ਨਕਸ਼ਾ ਤੇਰੀ 'ਈਰਖਾ' ਦਾ,
ਯਾ ਕੇ 'ਬੀਰਤਾ' ਤੇਰੀ ਨੂੰ ਚੰਨ ਲਾਵਾਂ।
ਪਾਵਾਂ ਕੀਰਨੇ ਤੇਰੀਆਂ '.ਗਫਲਤਾਂ' ਦੇ,
ਯਾ 'ਕੁਰਬਾਨੀਆਂ' ਉਤੋਂ ਕੁਰਬਾਨ ਜਾਵਾਂ।
'ਸਿਖੀ ਸਿਦਕ' ਤੇਰੇ, ਜੇਕਰ ਇਕ ਪਾਸੇ,
ਸੂਰਜ ਵਾਂਗ ਇਤਿਹਾਸ ਚਮਕਾਇਆ ਹੋਇਐ।
'ਖਾਨਾਂ ਜੰਗੀਆਂ' ਨੇ ਦੂਜੀ ਤਰਫ ਤੇਰੇ,
ਚੰਨ ਜਹੇ ਮੂੰਹ ਤੇ ਦਾਗ ਲਾਇਆ ਹੋਇਐ।

••••

ਤੂੰ ਉਹ ਕੌਮ ਹੈਂ ਮੇਹਰ ਵਿਚ ਸੇਵਕਾਂ ਨੂੰ,
ਜਿਸ ਨਵਾਬੀਆਂ ਤੇ ਰਾਜ ਦਾਨ ਕੀਤੇ।
ਤੂੰ ਉਹ ਕੌਮ ਹੈਂ ਸਿਦਕ ਦੇ ਨਾਲ ਜਿਸ ਨੇ,
ਕਿ ਦਰਯਾ ਵਗਦੇ ਖੜੇ ਆਨ ਕੀਤੇ।
ਤੇਰੇ ਜੋਸ਼ ਨੇ ਸੀਸ ਲਹਿ ਜਾਣ ਉਤੇ,
ਨਾਲ ਧੜਾਂ ਲੜ ਫਤਹ ਮੈਦਾਨ ਕੀਤੇ।
ਤੂੰ ਉਹ ਕੌਮ ਹੈਂ ਕੈਹਰ ਦੇ ਵਿਚ ਜਿਸ ਨੇ,
ਨਸ਼ਟ ਕਈ ਸ਼ਾਹੀ ਖ਼ਾਨਦਾਨ ਕੀਤੇ।
ਯੋਧੇ ਕੰਬ ਉਠੇ ਨਕਲ ਵੇਖ ਤੇਰੀ,
ਤੇਰਾ ਨਾਮ ਲੈ ਮਾਈਆਂ ਡਰਾਏ ਬੱਚੇ।

ਤਾਰਾਂ 'ਈਰਖਾ' ਵਾਲੀਆਂ ਵਿਚ ਜਕੜੀ,
ਐਸੀ ਕੌਮ ਅਜ ਪੁਤਲੀਆਂ ਵਾਂਗ ਨਚੇ।

••••

ਤਖਤ ਦਿੱਲੀ ਦਾ ਪੈਰਾਂ ਵਿਚ ਰਿਹਾ ਰੁਲਦਾ,
ਮੇਰੀ ਕੌਮ, ਤੇਰੀ ਬੇ-ਪਰਵਾਹੀ ਅੱਗੇ।
ਬਖਸ਼ਿਸ਼ ਦੋਹਾਂ ਜਹਾਨਾਂ ਦੀ ਜਚੀ ਨਾਹੀਂ,
ਅਣਖ-ਭਰੀ ਤੇਰੀ ਨਜ਼ਰ ਸ਼ਾਹੀ ਅੱਗੇ।
ਰਿਸ਼ੀ ਮੁਨੀ ਪੈਗੰਬਰਾਂ ਔਲੀਆਂ ਨੇ,
ਰਗੜੇ ਨੱਕ ਤੇਰੀ ਪਾਰਸਾਈ ਅੱਗੇ।
ਗਰਦਨ ਝੁਕ ਕੇ ਤੇਰੀ ਖੁਦਾਈ ਅੱਗੇ।
ਕਦੀ ਝੁਕੀ ਨਾ ਸਾਰੀ ਖੁਦਾਈ ਅੱਗੇ।
ਉਹ ਕੌਮ ਜਿਸ ਦੇ ਬੂਹੇ ਦੇ ਉਤੇ,
ਰਿਧੀਆਂ ਸਿਧੀਆਂ ਦੀ ਭਰਮਾਰ ਹੁੰਦੀ।
ਅਜ ਆਪਣੀ ਸ਼ਾਨ ਨੂੰ ਭੁਲ ਕੇ ਤੇ,
ਡਿਠੀ ਚੋਣਾਂ ਦੇ ਵਿਚ ਖਵਾਰ ਹੁੰਦੀ।

••••

ਪੁਠੇ ਕਰਕੇ ਟੰਗਿਆ ਅੱਗ ਉਤੇ,
ਨੀਵੀਂ ਰਤਾ ਵੀ ਨਾ ਹੋਈ 'ਸ਼ਾਨ' ਜਿਸ ਦੀ।
ਸੜਿਆ ਭਠੀਆਂ ਵਿਚ ਨਾ ਸਿਰੜ ਜਿਸ ਦਾ,
ਕੀਮਾ ਹੋ ਕੇ ਪਿਸੀ ਨਾ 'ਆਨ' ਜਿਸ ਦੀ।
ਘੋੜੇ ਰੌਂਦ ਨਾਹੀਂ ਸਕੇ 'ਅਣਖ' ਜਿਸ ਦੀ,
ਕੁਚਲੀ ਇੰਜਨਾਂ ਨਾ 'ਆਨ ਬਾਨ' ਜਿਸ ਦੀ।
ਡਾਂਗਾਂ ਤੋੜ ਨਾ ਸਕੀਆਂ 'ਸਿਦਕ' ਜਿਸਦਾ,
ਕੈਦਾਂ ਕੈਦ ਨਾ ਕੀਤੀ 'ਜ਼ਬਾਨ' ਜਿਸ ਦੀ।
ਉਹ ਕੌਮ ਐਸੀ ਬੇ-ਮੁਹਾਰ ਹੋਈ,
ਜਥੇਦਾਰ ਘਰ ਘਰ ਅੰਦਰ ਹੋਣ ਬੈਠੇ।
ਕਿਤੇ ਲੁਕੇ ਸੱਚੇ ਖੈਰਖਾਹ ਦਰਦੀ,
ਫੁਟ ਫੁਟ ਕੇ 'ਫੁਟ' ਨੂੰ ਰੋਣ ਬੈਠੇ।

••••

ਦਾਤਾਂ ਪੂਰੀਆਂ ਚਾ ਮੇਰੀ ਕੌਮ ਤਾਈਂ,
ਹੇ ਕਰਤਾਰ ! ਜੇ ਦੇਂਦੋਂ ਤੇ ਕੀ ਹੁੰਦਾ।
ਦੇ ਕੇ ਐਡੀ 'ਬਹਾਦਰੀ' ਖਾਲਸੇ ਨੂੰ,
'ਜਥੇਦਾਰ' ਚਾ ਦੇਂਦੋਂ ਤੇ ਕੀ ਹੁੰਦਾ।
ਫਤਹ ਕਰਨ ਮਗਰੋਂ ਜਾਚ ਸਾਂਭਣੇ ਦੀ,
ਸਿਰਜਨਹਾਰ ਜੇ ਦੇਂਦੋ ਤੇ ਕੀ ਹੁੰਦਾ।
ਜਿਥੇ ਦਿਤੀਆਂ ਸੀ ਬੇ-ਸ਼ੁਮਾਰ ਸਿਫਤਾਂ,
ਹੋਰ ਚਾਰ ਦੇ ਦੇਂਦੋਂ, ਤੇ ਕੀ ਹੁੰਦਾ।
ਜਿਵੇਂ ਮੋਰ ਤਾਈਂ ਕੋਝੇ ਪੈਰ ਦੇ ਕੇ,
ਰੂਪ ਓਸ ਦੇ ਨੂੰ ਸ਼ਰਮਸਾਰ ਕੀਤਾ।
ਓਵੇਂ ਫੁਟ ਦੀ ਬੱਜ ਲਾ ਖਾਲਸੇ ਨੂੰ,
ਡਾਹਢਾ, ਸ਼ੂਮ-ਰੱਬਾ, ਤੂੰ ਖਵਾਰ ਕੀਤਾ।

••••

ਦਿਸੇ ਮੈਨੂੰ ਇਕਬਾਲ ਇਸ ਖਾਲਸੇ ਦਾ,
ਫੇਰ ਆਂਵਦਾ ਪਿਆ ਜਵਾਨੀਆਂ ਵਿਚ।
ਕਿਉਂਕਿ ਹਿੰਮਤ ਬਲੰਦੀ ਤੇ ਚੜ੍ਹਨ ਵਾਲੀ,
ਹੈ ਮੌਜੂਦ ਇਸ ਦੇ ਲੱਥੇ ਪਾਣੀਆਂ ਵਿਚ।
ਹੋਇਆ ਕੀ ਜੇ 'ਆਸ' ਦਾ ਮੋਹਲ ਇਸ ਦਾ,
ਡਿਗ, ਢਹਿ, ਰਲ ਗਿਆ ਵਿਰਾਨੀਆਂ ਵਿਚ।
ਦਿਸੇ ਫੇਰ ਸੂਰਤ ਕਾਮਯਾਬੀਆਂ ਦੀ,
ਇਸ ਦੇ ਚੇਹਰੇ ਦੀਆਂ ਪਸ਼ੇਮਾਨੀਆਂ ਵਿਚ।
ਦੁਨੀਆਂ ! ਸਿਖਾਂ ਦੀ ਕਿਤੇ ਨਾ ਮੌਤ ਸਮਝੀਂ,
ਇਹਨਾਂ ਨੀਂਦਰਾਂ ਏਹਨਾਂ ਖ਼ੁਮਾਰੀਆਂ ਨੂੰ।
'ਬੀਰ' ਸ਼ੇਰਾਂ ਦੇ ਵਾਂਗ ਜਦ ਜਾਗਦੇ ਨੇ,
ਵਖਤ ਪਾ ਦੇਂਦੇ ਨੇ ਸ਼ਿਕਾਰੀਆਂ ਨੂੰ।

ਅਪੀਲ

ਐ ਨੌਜਵਾਨਾਂ ਸੋਹਣਿਆਂ !
ਐ ਸੋਹਣਿਆਂ ਮਨ ਮੋਹਣਿਆਂ !
ਸਦਕੇ ਜਵਾਨੀ ਦੇ ਜ਼ਰਾ।
ਠੈਹਰੀਂ ਜ਼ਰਾ ਬੀਬਾ ਭਰਾ।
ਏਹ ਕੌਮ ਤੇਰੀ ਫ਼ੇਰ ਹੈ।
ਆ ਘੇਰੀ ਘੁਮਣ ਘੇਰ ਹੈ।
ਚੱਪੂ ਪੁਰਾਣੇ ਟੂਟ ਗਏ।
ਬੁਢੇ ਮੁਹਾਨੇ ਹੁਟ ਗਏ।
ਚਾਰੋਂ ਤਰਫ ਤੂਫਾਨ ਹੈ।
ਖਤਰੇ 'ਚ ਸਭ ਦੀ ਜਾਨ ਹੈ।
ਝਖੜ ਨੇ ਦਿਤਾ ਮੂੰਹ ਭਵ਼ਾ।
ਗਾਫਲ ਮਲਾਹ, ਉਲਟੀ ਹਵਾ।
ਖੁਦ-ਗਰਜ਼ੀਆਂ ਦੀ ਲੈਹਰ ਨੇ।
ਡਾਹਢੇ ਹੀ ਕੀਤੇ ਕੈਹਰ ਨੇ।

••••

ਹੈ ਕੌਮੀ ਬੇੜਾ ਡੋਬਿਆ।
ਖੋਭੇ ਦੇ ਅੰਦਰ ਖੋਭਿਆ।
ਲੋਕੀ ਸੁਖੀ ਜੋ ਵਸਦੇ,
ਕਰ ਉਂਗਲਾਂ ਨੇ ਹਸਦੇ।
ਤੁਰੀਏ ਤੇ ਮਾਰਨ ਠਿਬੀਆਂ !
ਜੇ ਬੈਠੀਏ ਤਾਂ ਛਿਬੀਆਂ।
ਐ ਨੌਜਵਾਨ ਰੰਗੀਲਿਆ !
ਰੰਗੀਲਿਆ ਅਣਖੀਲਿਆ।
ਐ ਧਰਮ ਦੇ ਪਰਵਾਨਿਆ !
ਐ ਕੌਮ ਦੇ ਦੀਵਾਨਿਆ !
ਵੇਲਾ ਨਾ ਤੇਰੇ ਸੌਣ ਦਾ !
ਨਾ ਗਲ ਨੂੰ ਲੰਮਿਆਂ ਪੌਣ ਦਾ।
ਪਾਸਾ ਪਰਤ ਹੁਸ਼ਯਾਰ ਹੋ।
ਉਠ ਜਾਗ ਤੇ ਤਯਾਰ ਹੋ।
ਵੇਲਾ ਕੁਵੇਲਾ ਤੱਕ ਨਾ !
ਤੇ ਮੁਸ਼ਕਲਾਂ ਤੋਂ ਝੱਕ ਨਾ।
ਮੁਮਕਿਨ ਨਾਮੁਮਕਿਨ ਵੇਖ ਨਾ,
ਕਿਤਨੇ ਨੇ ਦੁਸ਼ਮਣ, ਵੇਖ ਨਾ।
ਹਿੰਮਤ ਦੇ ਰਸੇ ਪਾਏ ਕੇ !
ਚਪੂ ਸਿਦਕ ਦੇ ਲਾਏ ਕੇ।
ਕੁਰਬਾਨੀਆਂ ਦਾ ਮੌਢਾ ਡਾਹ !
ਬੰਨੇ ਕਿਸੇ ਤੇ ਕੌਮ ਲਾ।
ਬੰਨ੍ਹ ਐਸਾ ਬੰਨ੍ਹ ਤਦਬੀਰ ਦਾ
ਮੂੰਹ ਫੇਰ ਦੇ ਤਕਦੀਰ ਦਾ।

••••

ਆਤਮ ਸਾਇੰਸ

ਦੇ

ਗੀਤ

ਬਦੀ ਦਾ ਤੁਖਮ ਵੀ ਨਹੀਂ ਏ ਮੇਰੇ ਸ੍ਰੀ ਵਾਹਿਗੁਰੂ ਅੰਦਰ,
ਇਹ ਉਸ ਨੂੰ ਵੇਖਦੇ ਹੀ ਸਾਰ ਖੁਦ ਬਰਬਾਦ ਹੋ ਜਾਵੇ।

••••

ਮੇਰਾ ਉਸਦਾ ਹੈ ਉਹ ਰਿਸ਼ਤਾ ਜੋ ਸਾਗਰ ਲਹਿਰ ਦਾ ਹੁੰਦਾ।
ਜੋ ਇਸ ਰਿਸ਼ਤੇ ਨੂੰ ਸਮਝੇ ਸਦਾ ਲਈ ਆਜ਼ਾਦ ਹੋ ਜਾਵੇ।

••••

ਆਪੇ ਹੈ ਆਪ, ਆਪੇ ਆਪ, ਆਪੇ ਆਪ, ਆਪੇ ਆਪ।
ਤੂੰ ਕਰ ਕਿਰਪਾ ਗੁਰੂ ਇਹ ਸਬਕ ਮੈਨੂੰ ਯਾਦ ਹੋ ਜਾਵੇ।

ਅਨੰਦਪੁਰ

'ਚੱਲ ਜਿੰਦੇ ਨੀ ਅਨੰਦਪੁਰ ਚਲ ਵਸੀਏ।
ਜਿਥੇ ਵਸਦੇ ਨੇ ਨਾਮ ਦੇ ਬੜੇ ਰਸੀਏ।'
ਇਹ ਅਨੰਦਪੁਰ 'ਮਨ' ਤੋਂ ਉਚੇਰੇ ਵਸਦਾ,
ਉਥੇ ਵਸੀਏ ਤੇ ਹੋਰਨਾਂ ਨੂੰ ਰਾਹ ਦਸੀਏ।
'ਚਲ ਜਿੰਦੇ ਨੀ ਅਨੰਦਪੁਰ ਚਲ ਵਸੀਏ।
ਜਿਥੇ ਵਸਦੇ ਨੇ ਨਾਮ ਦੇ ਬੜੇ ਰਸੀਏ।'
ਖਿੜ ਜਾਵੇ ਦੂਰੋਂ ਵੇਖ ਕੇ ਨਜ਼ਾਰਾ ਓਸ ਦਾ,
ਬਾਹਰ ਜਾਂਦੇ 'ਮਨ' ਦੀਆਂ ਜੇ ਤਨਾਵਾਂ ਕੱਸੀਏ।
'ਚਲ ਜਿੰਦੇ ਨੀ ਅਨੰਦਪੁਰ ਚਲ ਵਸੀਏ।'
ਜਿਥੇ ਵਸਦੇ ਨੇ ਨਾਮ ਦੇ ਬੜੇ ਰਸੀਏ।'
ਮਾਇਆ ਮੋਹਣੀ ਨੂੰ ਮੋਹ ਕੇ, ਤਿਆਗਿਆ ਜਿਨ੍ਹਾਂ,
ਐਸੇ ਨਾਮ ਅਭਿਆਸੀਆਂ ਦੇ ਪੈਰ ਝਸੀਏ।
'ਜਿੰਦੇ ਚਲ ਨੀ ਅਨੰਦਪੁਰ ਚਲ ਵਸੀਏ।
ਜਿਥੇ ਵਸਦੇ ਨੇ ਨਾਮ ਦੇ ਬੜੇ ਰਸੀਏ।'
'ਬੀਰ' ਚਲ ਕੇ ਸਦੀਵੀ ਪਾਤਸ਼ਾਹੀ ਸਾਂਭੀਏ।
ਪਾਪ ਦੁਖ ਰੋਗ ਮੌਤ ਦੇ ਜਹਾਨੋ ਨੱਸੀਏ।
'ਚਲ ਜਿੰਦੇ ਨੀ ਅਨੰਦਪੁਰ ਚਲ ਵਸੀਏ।'
ਜਿਥੇ ਵਸਦੇ ਨੇ ਨਾਮ ਦੇ ਬੜੇ ਰਸੀਏ।'
ਮੇਰੇ ਵਾਹਿਗੁਰੂ ਹਨ ਮੇਰੇ ਨਾਲ,
ਮੈਂ ਨਿਹਾਲ, ਨਿਹਾਲ-ਨਿਹਾਲ-ਨਿਹਾਲ।
ਮੈਂ ਲਹਿਰ ਉਸ ਜੀਵਨ ਸਾਗਰ ਦੀ,
ਹੈ ਨਾਮ ਜਿਦਾ ਨਿਰਭਉ ਅਕਾਲ।
ਮੇਰੇ ਅੰਦਰ ਬਾਹਰ ਹੈ ਅਕਾਲ,

ਮੈਨੂੰ ਕਾਲ ਡਰਾਵੇ ਕੀ ਮਜਾਲ।
ਇਕ ਥਾਂ ਨਹੀਂ ਰਹਿੰਦੇ ਨਾਮ, ਬਦੀ,
ਜਪ ਨਾਮ ਬਦੀ ਦਾ ਕਟਿਆ ਜਾਲ।
ਦੁਖ ਪਾਪ ਬੀਮਾਰੀ ਮੌਤ ਨਹੀਂ,
ਜਿਸ ਥਾਂ ਤੇ ਟਿਕਿਆ ਮੇਰਾ ਖਿਆਲ।
ਬਾਹਰੋਂ ਸਿਖ ਅੰਦਰੋਂ ਵਾਹਿਗੁਰੂ,
ਗੁਰਸਿਖੀ ਦਾ ਹੈ ਇਹ ਕਮਾਲ।
ਜਿਸ ਥਾਂ ਹੋਵਾਂ ਮੈਂ ਇਕਲਾ ਨਹੀਂ,
ਮੇਰੇ ਅੰਗ ਸੰਗ ਮੇਰਾ ਪਿਤਾ ਦਿਆਲ।
ਜਿਸ ਮਨ ਵਿਚ ਹਰ-ਗੁਣ ਮਹਿਲ ਉਸਰੇ,
ਉਸ ਮਨ 'ਚੋਂ ਢਹਿ ਪਏ ਬਦੀ-ਪਾਲ।
ਜਿਸ ਆਪਣਾ ਆਪਾ ਪਛਾਣ ਲਿਆ,
ਹਲ ਹੋ ਗਏ ਉਸ ਦੇ ਸਭ ਸਵਾਲ।
'ਕੁਝ ਨਹੀਂ ਵਿਚੋਂ 'ਸਭ ਕੁਝ' ਲਭਣਾ,
'ਸਭ ਕੁਝ' ਨੂੰ ਆਪਣੇ ਅੰਦਰੋਂ ਭਾਲ।
ਸਚ ਜਾਨਣ ਵਿਚ ਉਹ ਮਸਤੀ ਹੈ,
ਜੋ ਚੜ੍ਹ ਕੇ ਉਤਰਨੀ ਹੈ ਮੁਹਾਲ।
ਤੂੰ ਜੋਤ ਹੈਂ ਬੀਰ ਸਰੀਰ ਨਹੀਂ,
ਜਰ ਜਰ ਕੇ ਮਾਣ ਆਪਣਾ ਜਲਾਲ।

ਸਭ ਵਿੱਚ ਸਭ, ਰਬ ਹੀ ਰਬ

ਰਾਮ ਰੰਂਵੇ ਦੇ ਗਿਆਨ ਨੇ ਕਮਾਲ ਕਰ ਕੇ ਦਸੇ।
ਪਾਪ ਦੁਖ ਰੋਗ ਸੋਗ ਮੌਤ ਮੈਥੋਂ ਡਰ ਕੇ ਨਸੇ।
ਰਹੀ ਬਦੀ ਦੇ ਖਿਆਲ ਲਈ ਟਿਕਣ ਦੀ ਨਾ ਥਾਂ,
ਮੇਰੇ ਵਿਚ ਮੇਰੀ 'ਮੈਂ' ਦੇ ਵਿਚ ਰਾਮ ਪਿਆ ਵਸੇ।
ਜਾਂ ਰੱਬੀ ਨਜ਼ਰ ਚੁਕ ਕੇ ਚਾ ਵੇਖੇ ਇਸ ਦੇ ਵਲੇ।
ਰਹਿ ਜਾਣ ਫੌਜ ਬਦੀ ਦੇ ਉਥੇ ਹੀ ਤੀਰ ਕਸੇ।
ਗੁਰੂ ਮੰਤਰ ਦੀ ਕਮਾਈ ਨੇ ਠਲ੍ਹੇ ਬਦੀ ਦੇ ਹੱਲੇ।
ਨਾ ਸੁਰਤ ਹੋਵੇ ਵੇਹਲੀ ਨਾ ਨਾਗਨੀ ਇਹ ਡਸੇ।

ਆਪੇ ਆਪ

ਪੜਦਾ ਅਕਲ ਉਤੇ ਐਸਾ ਆ ਕੇ ਤਾਣਿਆ ਗਿਆ।
ਮੈਥੋਂ ਆਪਣਾ ਹੀ 'ਆਪਾ' ਨਾ ਪਛਾਣਿਆ ਗਿਆ।
ਕਿਨੂੰ ਲਭੇ ਕੌਣ ਜਦ ਕਿ ਗਵਾਚਿਆ ਨਾ ਕੋਈ,
ਇਹ ਨਾ ਭੇਤ ਮੈਥੋਂ ਸਾਰੀ ਉਮਰ ਜਾਣਿਆ ਗਿਆ।
ਕਾਨ ਰੂਪ ਦੀ ਤੇ ਰੂਪ ਨੂੰ ਹੀ ਲਭਦੀ ਫਿਰੀ,
ਰੂਪ ਕੋਲੋਂ ਰੂਪ ਆਪਣਾ ਨਾ ਸ਼ਾਣਿਆਂ ਗਿਆ।
ਸਾਰੀ ਆਪ ਨੇ ਹੀ 'ਆਪੇ' ਵਾਲੀ ਖੇਡ ਨਿਕਲੀ,
ਜਿਉਂ ਜਿਉਂ ਖੇਡਿਆ ਮੈਂ ਤਿਉਂ ਤਿਉਂ ਹੈਰਾਨਿਆ ਗਿਆ।
'ਆਪੇ' ਆਪਣੇ ਦਾ ਆਪ ਨੂੰ ਜਾਂ ਦਰਸ਼ ਹੋ ਗਿਆ।
'ਆਪੇ' ਆਪਣੇ ਤੋਂ ਬੀਹ ਕੁਰਬਾਨਿਆਂ ਗਿਆ।

••••

ਆਪੇ ਕਰਤਾ ਪੁਰਖ ਬਿਧਾਤਾ।
ਜਿਨ ਆਪੇ ਆਪਿ ਉਪਾਇ ਪਛਾਤਾ।
ਆਪੇ ਸਤਿਗੁਰ ਆਪੇ ਸੇਵਕ।
ਆਪੇ ਸ੍ਰਿਸਟਿ ਉਪਾਈ ਹੇ।

(ਮਾਰੂ ਮਹਲਾ ੧)

ਨਾ ਹਮ ਹਿੰਦੂ ਨਾ ਮੁਸਲਮਾਨ।
ਅਲਾ ਰਾਮ ਕੇ ਪਿੰਡ ਪਰਾਨ।

(ਗੁਰੂ ਅਰਜਨ ਸਾਹਿਬ)

••••

ਨਾ ਕੋਈ ਹਿੰਦੂ, ਮੁਸਲਿਮ ਸਿਖ।
ਸਭ ਵਿਚ ਅੰਮ੍ਰਿਤ ਕਿਤੇ ਨ ਬਿਖ।
ਰਾਮ ਹੀ ਰਮਿਆ, ਸਗਲ ਮਨੁਖ।
ਅਲਾਹ ਵਾਹਿਗੁਰੂ ਜਲ ਥਲ ਰੁਖ।
ਬਦੀ ਨਾ ਦਿਸੇ ਹੋਇਆਂ ਸਨਮੁਖ।
ਜੋ ਇਹ ਸਮਝੇ ਉਸ ਨਾ ਦੁਖ।
ਜੋ ਇਹ ਜਾਣੇ ਸੁਖ ਹੀ ਸੁਖ।
ਜੋ ਇਹ ਮੰਨੇ ਪਵੇ ਨਾ ਕੁਖ।
ਜੋ ਨਾ ਮੰਨੇ ਓਹ ਮਨਮੁਖ।
ਮੰਨੇ 'ਬੀਰ' ਸੋਈ ਗੁਰਮੁਖ।



ਆਤਮ ਸਾਇੰਸ ਟ੍ਰਸਟ

A/1, ਕਾਲਿੰਦੀ ਕਾਲੋਨੀ, ਨਵੀਂ ਦਿੱਲੀ–110065

ਸ: ਰਘਬੀਰ ਸਿੰਘ ਜੀ 'ਬੀਰ' ਦੀਆਂ ਮਨ ਨੂੰ ਸ਼ਾਂਤੀ ਤੇ ਆਤਮਾ ਦਾ ਗਿਆਨ ਦੇਣ ਵਾਲੀਆਂ, ਮਹਾਨ ਰਚਨਾਵਾਂ ਨੇ ਅਨੇਕਾਂ ਦੇ ਜੀਵਨ ਬਦਲ ਦਿਤੇ ਹਨ। ਆਪ ਜੀ ਵੀ ਮੰਗਵਾ ਕੇ ਲਾਭ ਪ੍ਰਾਪਤ ਕਰੋ।

1. ਅਰਦਾਸ ਸ਼ਕਤੀ
2. ਬੰਦਗੀ ਨਾਮਾ
3. ਬੀਰ ਤੇ ਤੀਰ
4. ਚੜ੍ਹਦੀ ਕਲਾ
5. ਗੁਰਮਤ ਚਾਨਣ
6. ਖਾਲਸਈ ਸ਼ਾਨ
7. ਰਮਜ਼ੀ ਕਹਾਣੀਆਂ
8. ਰਮਜ਼ਾਂ
9. ਸਰਬ ਰੋਗ ਕਾ ਔਖਧ ਨਾਮ
10. ਸਾਡੇ ਵਿਚਾਰ
11. ਸਾਡੀ ਵਰਤਮਾਨ ਦਸ਼ਾ
12. ਸਫਲ ਜੀਵਨ
13. ਸਿਮਰਨ ਮਹਿਮਾ
14. ਅਨੁਭਵ ਪ੍ਰਕਾਸ਼
15. ਗੁਰਮੁਖ ਜੀਵਨ–ਸ੍ਰ: ਲਹਿਣਾ ਸਿੰਘ
16. ਵਿਸਮਾਦੀ ਦਸ਼ਾ–ਪ੍ਰੋ: ਬਲਵੰਤ ਸਿੰਘ
17. What we see in Bir - Jagtar & Madan
18. Bandgi Nama : English

ਪੁਸਤਕਾਂ ਮੰਗਾਣ ਦੇ ਹੋਰ ਪਤੇ

- ਸਿੰਘ ਬ੍ਰਦਰਜ਼, ਬਜਾਰ ਮਾਈ ਸੇਵਾਂ, ਅੰਮ੍ਰਿਤਸਰ
- ਭਾਈ ਚਤਰ ਸਿੰਘ ਜੀਵਨ ਸਿੰਘ, ਬਜਾਰ ਮਾਈ ਸੇਵਾਂ, ਅੰਮ੍ਰਿਤਸਰ
- ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ
- ਲਾਹੌਰ ਬੁਕ ਸ਼ਾਪ, 2, ਲਾਜਪਤ ਰਾਇ ਮਾਰਕਿਟ, ਲੁਧਿਆਣਾ
- ਪੰਜਾਬੀ ਪ੍ਰਕਾਸ਼ਕ, ਰਾਜੌਰੀ ਗਾਰਡਨ, ਨਵੀਂ ਦਿੱਲੀ
- ਭਾਈ ਚਤਰ ਸਿੰਘ ਐਂਡ ਕੰਪਨੀ, ਕੂਚਾ ਜਟਮਲ, ਦਰੀਬਾ, ਦਿੱਲੀ
- ਨੈਸ਼ਨਲ ਬੁਕ ਸ਼ਾਪ, ਪਲਈਅਰ ਗਾਰਡਨ, ਚਾਂਦਨੀ ਚੌਕ, ਦਿੱਲੀ
- ਪੰਜਾਬੀ ਬੁਕ ਸਟੋਰ, ਮੇਨ ਬਜਾਰ, ਪਹਾੜ ਗੰਜ, ਨਵੀਂ ਦਿੱਲੀ